# ਵਤਨੋਂ ਦੂਰ

## ਇਸ ਅੰਕ ਵਿੱਚ


ਸੰਪਾਦਕੀ: ਸ਼ਹੀਦ ਭਗਤ ਅਤੇ ਸਾਥੀ, ਵਿਸਾਖੀ, ਸੁਮੀਤ ਸਿੰਘ, ਫਿਰਕੂ ਜਨੂੰਨ, ਡਾ: ਵਿਸ਼ਵਾ ਨਾਥ ਤਿਵਾੜੀ

ਸ਼ਹੀਦ ਸਪਲੀਮੈਂਟ: ਕਵੀਸ਼ਰੀ / ਛਾਉਣੀਆਂ ਪੱਟ ਲੋ / ਬਾਬੂ ਰੱਜਬ ਅਲੀ
ਲੇਖ / ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਭਾਰਤ ਦੇ ਭਵਿੱਖ ਬਾਰੇ ਸੰਕਲਪ /
ਪ੍ਰੋ: ਜਗਮੋਹਨ ਸਿੰਘ

ਸੁਮੀਤ ਸਿੰਘ ਸਪਲੀਮੈਂਟ:
- ਐਡਮਿੰਟਨ, ਵਿਨੀਪੈੱਗ ਅਤੇ ਵੈਨਕੂਵਰ ਦੀਆਂ ਸਾਹਿੱਤਕ-ਸੱਭਿਆਚਾਰਕ ਜਥੇਬੰਦੀਆਂ ਦੇ ਸ਼ੋਕ ਮਤੇ
- ਸੁਰਿੰਦਰ ਧੰਜਲ, ਅਵਤਾਰ ਗਿੱਲ, ਲਾਟ ਭਿੰਡਰ ਦੀਆਂ ਕਵਿਤਾਵਾਂ
- ਸੁਮੀਤ ਦੀ ਪਤਨੀ ਪੂਨਮ ਦੀ ਤਕਰੀਰ
- 'ਕੈਨੇਡਾ ਦਰਪਣ' ਦਾ ਇੱਕ ਸੰਪਾਦਕੀ
- ਸੁਮੀਤ ਦੇ ਪੰਜ ਸੰਪਾਦਕੀ
- ਸੁਮੀਤ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਦੋ ਕਹਾਣੀਆਂ (ਗਿਰਿਧਰ ਗੋਪਾਲ, ਨਕਸ਼ਦੀਪ ਪੰਜਕੋਹਾ)

ਪੰਜਾਬ ਦੇ ਦੋ ਸਾਹਿੱਤਕ-ਰਾਜਨੀਤਕ ਪਰਚਿਆਂ ਦਾ ਫਿਰਕੂ ਜਨੂੰਨ ਵਿਰੁੱਧ ਸਟੈਂਡ:
- ... ਇਹ ਸਭ ਕੁੱਝ ਵੀ ਸੰਤਾਂ ਦੀ ਕਿਰਪਾ ਨਾਲ
- 14 ਫਰਵਰੀ ਦਾ ਬੇਲੋੜਾ ਤੇ ਭੜਕਾਊ ਬੰਦ

ਵੈਨਕੂਵਰ ਸੱਥ ਦਾ ਸਾਹਿੱਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਅਤੇ ਸੁਨੇਹਾ (ਅਮਰਜੀਤ ਚਾਹਲ, ਸਾਧੂ)

ਡਾ: ਵਿਸ਼ਵ ਨਾਥ ਤਿਵਾੜੀ ਦੀਆਂ ਦੋ ਕਵਿਤਾਵਾਂ: ਫਿਟ ਨਹੀਂ ਹੋਵਾਂਗਾ, ਗਰਾਜ ਤੋਂ ਫੁੱਟਪਾਥ ਤੱਕ

ਦਰਪਣ: ਗੁਰਸ਼ਰਨ ਸਿੰਘ, ਡਾ: ਰਘਬੀਰ ਸਿੰਘ, ਸੁਰਿੰਦਰ ਕੈਲੇ, ਸੁਰਜੀਤ ਬਰਾੜ, ਜਗਤਾਰ ਢਾਅ, ਹਰਜੀਤ ਦੌਧਰੀਆ, ਮਿੱਤਰ ਰਾਸ਼ਾ, ਨਾਜ਼ਰ ਸਿੰਘ 'ਦੀਪਕ', ਹਰਦੇਵ ਵਿਰਕ, ਸੁਖਿੰਦਰ ਸਮੇਤ ਕੈਨੇਡਾ, ਹਿੰਦੁਸਤਾਨ, ਇੰਗਲੈਂਡ ਅਤੇ ਆਸਟਰੀਆ ਵਿੱਚੋਂ ਪਾਠਕਾਂ/ਲੇਖਕਾਂ ਦੇ 14 ਖ਼ਤ


ਮਾਰਚ ਅਪਰੈਲ 84, ਇੱਕ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | March - April 1984 | Vol. 11 No. 100

Editor:
Surinder Dhanjal
*(Grande Prairie, Alberta, 539-9614)*

Editorial Board:
Satwant Deepak, Edmonton .......... 461-1917
Laat Bhinder, Edmonton .......... 435-7469
Avtar Gill, Sherwood Park .......... 464-3851
Karnail Randhawa, Edmonton .......... 462-2712

Advertising & Circulation Board:
Paul Binning, Richmond .......... 270-9467
Iqbal Ramuwalia, Toronto .......... 745-7326
Gurcharan Tallewalia, Burnaby .......... 298-3431

*Watno Dur Representatives:*
- British Columbia, Canada:

*Sadhu, Burnaby* .......... 437-9014
Sukhwant Hundal, Vancouver .......... 321-9221
Amarjit Chahal, Surrey .......... 581-0406
Tej Sandhu, Quesnel .......... 992-6775
Dev Jatana, Prince Rupert .......... 627-7209
Avtar Rodhey, Quesnel .......... 992-7578
Inderjit Rode, Vancouver .......... 430-4104
J.S. Aulakh, Mission .......... 826-4888
- Alberta, Canada:

K.S. Chaman, Calgary .......... 248-2841

## ਫ਼ਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ

ਵਤਨੋਂ ਦੂਰ ਦਾ ਗਿਆਰਵਾਂ ਸਾਲਾਨਾ ਅੰਕ (ਜੁਲਾਈ ਅਗਸਤ 84) ਫ਼ਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ ਹੋਵੇਗਾ।

ਪਿਛਲੇ ਅੰਕ ਵਿੱਚ "ਫ਼ਿਰਕੂ ਜਨੂੰਨ ਵਿਰੁੱਧ ਵਿਚਾਰ ਚਰਚਾ" ਦੇ ਸੱਦੇ ਵਜੋਂ ਕੈਨੇਡਾ ਦੇ ਬਹੁਤ ਸਾਰੇ ਲੇਖਕਾਂ ਨੇ ਸਾਨੂੰ ਕਹਾਣੀਆਂ, ਕਵਿਤਾਵਾਂ, ਨਾਟਕ, ਖ਼ਤ ਭੇਜੇ ਹਨ। ਅਸੀਂ ਇਸ ਵਿਸ਼ੇ ਉੱਤੇ ਤਰਕਸ਼ੀਲ ਲੇਖਾਂ ਦੀ ਲੋੜ ਮਹਿਸੂਸ ਕਰਦੇ ਹਾਂ ਜੋ ਸਾਡੇ ਉਠਾਏ ਸਵਾਲਾਂ ਬਾਰੇ ਅਤੇ ਹੋਰ ਸੰਬੰਧਤ ਸਵਾਲਾਂ ਬਾਰੇ ਇੱਕ ਨਿਯਮਬੱਧ/ਸਿਲਸਿਲੇਵਾਰ ਚਰਚਾ ਦਾ ਰੂਪ ਧਾਰਨ ਕਰਨ ਅਤੇ ਵੱਡੇ ਪੱਧਰ ਉੱਤੇ ਲੋਕ-ਪੱਖੀ ਰਾਇ ਉਸਾਰਨ ਵਿੱਚ ਸਹਾਈ ਹੋਣ।

ਇਹ ਮਸਲਾ ਕਿਸੇ ਇਕੱਲੇ ਦੁਕੱਲੇ ਵਿਅਕਤੀ/ਸੰਸਥਾ/ਪਰਚੇ ਦਾ ਨਹੀਂ ਸਗੋਂ ਦੁਨੀਆਂ ਭਰ ਵਿੱਚ ਫੈਲੇ ਹੋਏ ਸਮੁੱਚੇ ਪੰਜਾਬੀਆਂ/ਹਿੰਦੁਸਤਾਨੀਆਂ ਦਾ ਸਾਂਝਾ ਮਸਲਾ ਹੈ। ਇਸ ਸਮੱਸਿਆ ਦੀਆਂ ਜੜ੍ਹਾਂ ਕਿਉਂਕਿ ਹਿੰਦੁਸਤਾਨ ਦੇ ਨਾਲ ਨਾਲ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ 'ਚ ਵੀ ਹਨ, ਇਸ ਲਈ ਦੁਨੀਆਂ ਦੇ ਹਰ ਕੋਨੇ 'ਚੋਂ ਫ਼ਿਰਕੂ ਜਨੂੰਨ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਹਰ ਕਲਮ ਦਾ ਮਾਨਵੀ ਫ਼ਰਜ਼ ਹੈ।

ਸਾਹਿੱਤਕਾਰ ਵੀਰਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ (ਖ਼ਾਸ ਕਰਕੇ ਲੇਖ) 15 ਜੂਨ 84 ਤੱਕ ਅੱਪੜਦੀਆਂ ਕਰ ਦੇਣ ਤਾਂ ਜੁ ਵਿਸ਼ੇਸ਼ ਅੰਕ ਵੇਲੇ ਸਿਰ ਪ੍ਰਕਾਸ਼ਤ ਹੋ ਸਕੇ।

— ਅਦਾਰਾ ਵਤਨੋਂ ਦੂਰ

- ANNUAL SUBSCRIPTION

- Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
- Special Rates for subscribers of India (Annual:RS10/-); Mail directly to: 1. Gursharan Singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- WATNO DUR *(Far from the Motherland) is a Literary and cultural bimonthly of PANJABI - the mother tongue of East Panjab* (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- *Opinions expressed are of the individual writers and may not necessarily, reflect the official policies of WATNO DUR* PUBLICATIONS (Registered).

# ਸੰਪਾਦਕੀ

## • ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ:

23 ਮਾਰਚ 1984 ਨੂੰ ਇੰਨ੍ਹਾਂ ਤਿੰਨਾਂ ਦੇਸ਼ ਭਗਤ ਇਨਕਲਾਬੀਆਂ ਦੀ 53 ਵੀਂ ਬਰਸੀ ਸੀ। ਸ਼ਹੀਦ ਭਗਤ ਸਿੰਘ ਹਿੰਦੁਸਤਾਨ ਦਾ ਪਹਿਲਾ ਸਮਾਜਵਾਦੀ ਇਨਕਲਾਬੀ ਸੀ। ਅਸੀਂ ਪੁਸਤਕ "ਪੰਜਾਬ ਵਿੱਚ ਕਮਿਊਨਿਸਟ ਲਹਿਰ" ਦੇ ਲੇਖਕ ਭਗਵਾਨ ਸਿੰਘ ਜੋਸ਼ ਵੱਲੋਂ "ਭਗਤ ਸਿੰਘ ਦਾ ਮਾਰਕਸਵਾਦ" ਲੇਖ ਵਿੱਚ ਦਿੱਤੇ ਗਏ ਇਸ ਸੰਕਲਪ ਨਾਲ ਪੂਰੇ ਸਹਿਮਤ ਹਾਂ ਕਿ ਜੇਕਰ ਭਗਤ ਸਿੰਘ ਨੂੰ ਜਿਉਣ ਦਾ ਮੌਕਾ ਮਿਲਦਾ ਤਾਂ ਉਸਦੇ ਮਾਓ ਦੀ ਕੌਮ ਇਤਿਹਾਸਕ ਹਸਤੀ ਦੇ ਨੇੜੇ ਹੋਣ ਦੀ ਵਧੇਰੇ ਸੰਭਾਵਨਾ ਸੀ ਜਾਂ ਮਾਓ ਅਤੇ ਲੈਨਿਨ ਦੇ ਕਿਧਰੇ ਵਿਚਕਾਰ ਜਿਹੇ। ਜੋਸ਼ ਦਾ ਇਹ ਕਥਨ ਉਸਦੀ ਉਪਰੋਕਤ ਧਾਰਣਾ ਦਾ ਠੋਸ/ਤਰਕਸ਼ੀਲ ਆਧਾਰ ਹੈ: "ਇਹ ਐਵੇਂ ਕੋਈ ਸੁਪਨਮਈ ਤਕਾਜ਼ਾ ਨਹੀਂ। ਉਦਾਹਰਣ ਲਈ ਭਗਤ ਸਿੰਘ ਦੇ ਗਰੁੱਪਾਂ ਦਾ ਉਸ ਵੇਲੇ ਦਾ ਮਾਮੂਲੀ ਸੂਝ ਰੱਖਣ ਵਾਲਾ ਸਾਥੀ ਅਜੈ ਘੋਸ਼ ਬਾਅਦ ਵਿੱਚ ਸੋਹਣ ਸਿੰਘ ਜੋਸ਼ ਦੀ ਪਾਰਟੀ ਵਿੱਚ ਇੱਕ ਬੁੱਧੀਜੀਵੀ ਦੇ ਤੌਰ ਉੱਤੇ ਉੱਭਰਦਾ ਹੈ ਤੇ ਪਾਰਟੀ ਦੇ ਮੁੱਖ ਨੇਤਾਵਾਂ ਵਿੱਚ ਥਾਂ ਲੈਂਦਾ ਹੈ।"

ਫਾਂਸੀ ਚੜ੍ਹਨ ਤੋਂ ਥੋੜ੍ਹਾ ਚਿਰ ਪਹਿਲਾਂ ਭਗਤ ਸਿੰਘ ਦੀ ਲਿਖੀ ਮਹੱਤਵਪੂਰਨ ਇਤਿਹਾਸਕ ਲਿਖਤ "ਮੈਂ ਨਾਸਤਕ ਕਿਉਂ ਹਾਂ" (ਇਹ ਲਿਖਤ ਸੰਤ ਰਣਧੀਰ ਸਿੰਘ ਨਾਰੰਗਵਾਲ ਨਾਲ ਭਗਤ ਸਿੰਘ ਦੀ ਮੁਲਾਕਾਤ ਤੋਂ ਬਾਅਦ ਲਿਖੀ ਗਈ ਸੀ) ਅੱਜ ਦੇ ਫਿਰਕੂ ਜਨੂੰਨੀ ਮਾਹੌਲ ਨੂੰ ਸਮਝਣ ਲਈ ਬਹੁਤ ਹੀ ਅਹਿਮ ਦਸਤਾਵੇਜ਼ ਹੈ।(ਇਹ ਲਿਖਤ ਅਸੀਂ ਕੁਝ ਵਰ੍ਹੇ ਪਹਿਲਾਂ ਵਤਨੋਂ ਦੂਰ ਵਿੱਚ ਛਾਪੀ ਸੀ - ਅਗਲੇ ਅੰਕ ਵਿੱਚ ਫੇਰ ਛਾਪੀ ਜਾਵੇਗੀ।) ਇਸ ਲਿਖਤ ਦੇ ਆਧਾਰ 'ਤੇ ਜਿਹੜੇ ਫਿਰਕਾਪ੍ਰਸਤ ਅਤੇ ਹੋਰ ਮੌਕਾਪ੍ਰਸਤ ਭਗਤ ਸਿੰਘ ਨੂੰ ਰੱਬ ਜਾਂ ਧਰਮ ਦਾ ਵਿਰੋਧੀ ਕਹਿ ਕੇ ਬੁੱਤਾ ਸਾਰਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਜਨੂੰਨੀਆਂ ਨੂੰ 'ਸਵਰਗ/ਨਰਕ/ਰੱਬ/ਧਰਮ' ਦੇ ਸੰਕਲਪ ਬਾਰੇ ਭਗਤ ਸਿੰਘ ਦੇ ਇਹ ਸ਼ਬਦ ਜ਼ਰੂਰ ਪੜ੍ਹਾਉਣੇ ਚਾਹੀਦੇ ਹਨ: "ਇਹ ਧਰਤੀ ਅਤੇ ਭਾਰਤ ਦੀ ਇਹ ਪਵਿੱਤਰ ਧਰਤੀ, ਮੇਰਾ ਸਵਰਗ ਹੈ; ਉਸਤੇ ਤੁਰਨ ਫਿਰਨ ਵਾਲਾ ਹਰ ਆਦਮੀ, ਹਰ ਇਨਸਾਨ, ਮੇਰਾ ਦੇਵਤਾ ਹੈ, ਮੇਰਾ ਭਗਵਾਨ ਹੈ ਅਤੇ ਭਗਵਾਨ ਨੂੰ ਭਗਵਾਨ ਨਾਲ ਲੜਾ ਕੇ ਮੇਰੇ ਸਵਰਗ ਨੂੰ ਨਰਕ ਬਣਾਉਣ ਵਾਲੀਆਂ ਤਾਕਤਾਂ ਖ਼ਤਮ ਕਰਕੇ, ਇਨਸਾਨ ਨੂੰ ਵਰਗਹੀਣ ਸਮਾਜ ਵੱਲ ਅੱਗੇ ਵਧਾਉਣ ਵਾਲੀ ਹਰ ਕੋਸ਼ਿਸ਼, ਹਰ ਕਦਮ ਮੇਰਾ ਧਰਮ ਹੈ।" (ਹਵਾਲਾ: "23 ਮਾਰਚ ਦੇ ਸ਼ਹੀਦ", ਲੇਖਕ: ਸ਼ਿਵ ਵਰਮਾ)

ਅੱਜ ਦੇ ਫਿਰਕਾਪ੍ਰਸਤ, ਜਨੂੰਨੀ, ਗੰਧਲੇ ਮਾਹੌਲ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਉਨ੍ਹਾਂ ਦੀ ਸੰਸਥਾ 'ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ' ਦੇ ਹੋਰ ਇਨਕਲਾਬੀਆਂ ਨੂੰ ਸਾਡੀ ਸੱਚੀ ਸ਼ਰਧਾਂਜਲੀ ਏਹੀ ਹੋਵੇਗੀ ਕਿ ਉਨ੍ਹਾਂ ਦੇ ਵਿਚਾਰਾਂ ਨੂੰ ਸਮਝੀਏ, ਅਮਲ ਵਿੱਚ ਲਿਆਈਏ ਅਤੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਈਏ!

## • ਵਿਸਾਖੀ, ਖ਼ਾਲਸਾ ਅਤੇ ਗੁਰੂ ਗੋਬਿੰਦ ਸਿੰਘ:

1699 ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਣਾ ਕੀਤੀ ਸੀ।

ਖ਼ਾਲਸ ਦੇ ਅਰਥ ਹਨ - ਸ਼ੁੱਧ; ਭਾਵ ਕਹਿਣੀ (WORDS), ਸੋਚਣੀ (THOUGHTS) ਅਤੇ ਕਰਨੀ (DEEDS) ਵਿੱਚ ਸ਼ੁੱਧਤਾ!

ਕੀ ਅੱਜ ਦਾ ਖ਼ਾਲਸਾ ਕਹਿਣੀ/ਸੋਚਣੀ/ਕਰਨੀ ਵਿੱਚ ਸ਼ੁੱਧ ਹੈ? ਆਓ ਸੋਚੀਏ!

– ਹਰਿਮੰਦਰ ਸਾਹਿਬ ਵਿੱਚ ਖ਼ਾਲਸੇ ਦੇ ਨਾਂ 'ਤੇ/ ਖ਼ਾਲਿਸਤਾਨ ਦੇ ਨਾਂ 'ਤੇ/ ਸਿੱਖ ਧਰਮ ਦੇ ਨਾਂ 'ਤੇ ਜੋ ਕੁਝ ਹੋ ਰਿਹਾ ਹੈ, ਉਸਦਾ ਨਤੀਜਾ ਹੈ ਪੰਜਾਬ/ਹਰਿਆਣੇ ਵਿੱਚ ਹਿੰਦੂ/ਸਿੱਖਾਂ ਦੇ ਕਤਲਾਂ/ਬੇਪਤੀਆਂ, ਮੰਦਰਾਂ/ਗੁਰਦੁਆਰਿਆਂ ਦੀਆਂ ਬੇਅਦਬੀਆਂ ਦੀ ਲੰਬੀ ਲੜੀ! ਇਤਿਹਾਸ ਗਵਾਹੀ ਦਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਹਿੰਦੂ ਪਹਾੜੀ ਰਾਜਿਆਂ, ਮੁਸਲਮਾਨ ਸ਼ਹਿਨਸ਼ਾਹਾਂ ਅਤੇ ਸਿੱਖ ਮਸੰਦਾਂ ਦੇ ਖ਼ਿਲਾਫ਼ ਉਮਰ ਭਰ ਸੰਘਰਸ਼ ਕੀਤਾ ਸੀ ਅਤੇ ਇਸ ਸੰਘਰਸ਼ ਵਿੱਚ ਉਨ੍ਹਾਂ ਦੇ ਸਾਥੀ ਹਿੰਦੂ ਵੀ ਸਨ, ਮੁਸਲਮਾਨ ਵੀ ਅਤੇ ਸਿੱਖ ਵੀ ਕਿਉਂਕਿ ਉਨ੍ਹਾਂ ਦਾ ਸੰਘਰਸ਼ ਕਿਸੇ ਫ਼ਿਰਕੇ/ਧਰਮ ਦੇ ਖ਼ਿਲਾਫ਼ ਨਹੀਂ ਸੀ ਸਗੋਂ ਜ਼ੁਲਮ ਦੇ ਖ਼ਿਲਾਫ਼ ਸੀ। ਗੁਰੂ ਗੋਬਿੰਦ ਸਿੰਘ ਦੇ ਇਹ ਮਹਾਨ ਸ਼ਬਦ ਅੱਜ ਵੀ ਹਰ ਮਾਨਵਵਾਦੀ ਦਾ ਪ੍ਰੇਰਨਾ ਸਰੋਤ ਹਨ:

"ਕੋਊ ਭਯੋ ਮੁੰਡੀਆ ਸੰਨਿਆਸੀ ਕੋਊ ਜੋਗੀ ਭਯੋ, ਭਯੋ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।
ਹਿੰਦੂ ਤੁਰਕ ਕੋਊ ਰਾਫ਼ਜ਼ੀ ਇਮਾਮਸ਼ਾਫ਼ੀ, ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।" – (ਅਕਾਲ ਉਸਤਤਿ)

– ਫਿਰ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰ ਕਹਾਉਣ ਵਾਲੇ ਇਹ ਕੌਣ ਹਨ ਜੋ 'ਅੱਨੇ ਹਜ਼ਾਰ ਹਿੰਦੂ ਮਾਰਨ ਦਾ' ਨਾਹਰਾ ਦੇ ਰਹੇ ਹਨ? ਇੰਨ੍ਹਾਂ ਮਸੰਦਾਂ ਦੇ ਅਜਿਹੇ ਭੜਕਾਊ ਨਾਹਰਿਆਂ ਕਰਕੇ ਹੀ ਦਿੱਲੀ ਦੀਆਂ ਔਰੰਗਜ਼ੇਬੀ-ਰੂਪਾਂ ਦੀ ਸ਼ਹਿ ਉੱਤੇ ਹਰਿਆਣੇ ਦੇ ਮੁਖੀਆਂ ਵਿੱਚ ਪਹਾੜੀ ਰਾਜਿਆਂ ਦੀ ਰੂਹ ਆ ਸਮਾਈ ਹੈ! ਇੰਨ੍ਹਾਂ ਪੈਰੋਕਾਰਾਂ ਦੀਆਂ ਮਿਹਰਬਾਨੀਆਂ ਕਰਕੇ ਹੀ "ਮਾਨਸ ਜਾਤਿ ਏਕੈ" ਦੇ ਪ੍ਰਤੀਕ ਪੰਜਾਬ ਦੇ ਸੁੱਖੀਂ-ਸਾਂਦੀ ਵਸਦੇ ਤੇ ਹੋਰਨਾਂ ਸੂਬਿਆਂ ਤੋਂ ਆਰਥਿਕ ਤੌਰ 'ਤੇ ਕਿਤੇ ਵੱਧ ਖੁਸ਼ਹਾਲ ਹਿੰਦੂ-ਸਿੱਖ, ਅੱਜ ਹਿੰਦੁਸਤਾਨ ਵਿੱਚ ਘਿਰਣਾ ਦੀ ਨਜ਼ਰ ਨਾਲ ਵੇਖੇ ਜਾਣ ਲੱਗ ਪਏ ਹਨ, ਦੂਜੇ ਦਰਜੇ ਦੇ ਹਿੰਦੁਸਤਾਨੀ ਨਾਗਰਿਕ ਗਰਦਾਨੇ ਜਾਣ ਲੱਗ ਪਏ ਹਨ। ਗੁਰੂ ਗੋਬਿੰਦ ਸਿੰਘ ਦੇ ਉਪਰੋਕਤ ਬੋਲ ਉਦਾਸ ਅਤੇ ਹੈਰਾਨ-ਪ੍ਰੇਸ਼ਾਨ ਖੜ੍ਹੇ ਹਨ!

ਅੱਜ ਗੁਰੂ ਗੋਬਿੰਦ ਸਿੰਘ ਨੂੰ ਸਾਡੀ ਸੱਚੀ ਸ਼ਰਧਾਂਜਲੀ ਏਹੀ ਹੋਵੇਗੀ ਕਿ ਉਨ੍ਹਾਂ ਦੀ ਮਹਾਨਤਾ ਦੀ ਓਟ ਲੈਕੇ ਚਲਾਈ ਜਾ ਰਹੀ ਫਿਰਕੂ ਜਨੂੰਨ ਦੀ ਹਨੇਰੀ ਨਾਲ ਹਰ ਪੱਧਰ 'ਤੇ ਤਕੜੇ ਹੱਥੀਂ ਨਜਿੱਠਿਆ ਜਾਵੇ, ਇਸਦਾ ਡਟਕੇ ਵਿਰੋਧ ਕੀਤਾ ਜਾਵੇ ਚਾਹੇ ਇਸ ਫਿਰਕੂ ਜਨੂੰਨ ਦਾ ਪਰਚਾਰ ਹਰਿਮੰਦਰ ਸਾਹਿਬ 'ਚੋਂ ਸ਼ੁਰੂ ਹੁੰਦਾ ਹੈ, ਚਾਹੇ ਹਰਿਆਣੇ ਦੇ ਮੰਤਰੀ ਮੰਡਲ 'ਚੋਂ, ਚਾਹੇ ਦਿੱਲੀ ਦੇ ਲਾਲ ਕਿਲੇ/ਰਾਸ਼ਟਰਪਤੀ ਭਵਨ ਦੀ ਸ਼ਹਿ ਉੱਤੇ, ਚਾਹੇ ਕਿਸੇ ਵੀ ਹਿੰਦੂ-ਸਿੱਖ-ਜਨੂੰਨੀ ਜਥੇਬੰਦੀ ਵੱਲੋਂ!

## • ਸੁਮੀਤ ਸਿੰਘ : ਸਿੱਖਾਂ ਹੱਥੋਂ ਸਿੱਖ ਦਾ ਕਤਲ :

ਉਦਾਸ ਪਲ ਕਿਹੜਾ ਕਿਸੇ ਨੂੰ ਪੁੱਛ ਕੇ ਜਨਮ ਲੈਂਦੇ ਹਨ!

ਵਤਨੋਂ ਦੂਰ ਦੇ ਪਿਛਲੇ ਅੰਕ ਵਿੱਚ ਜਦੋਂ ਅਸੀਂ ਸੁਮੀਤ ਸਿੰਘ ( ਸੰਪਾਦਕ ਪ੍ਰੀਤ ਲੜੀ ) ਦਾ ਲਿਖਿਆ ਸਤੰਬਰ 83 ਦਾ ਸੰਪਾਦਕੀ ਛਾਪ ਰਹੇ ਸੀ ਤਾਂ ਪਤਾ ਨਹੀਂ ਸੀ ਕਿ ਸੁਮੀਤ ਸਿੰਘ ਦੇ ਜਿਉਂਦੇ ਜੀਅ ਵਤਨੋਂ ਦੂਰ ਵਿੱਚ ਛਪਣ ਵਾਲੀ ਇਹ ਉਸਦੀ ਪਹਿਲੀ ਅਤੇ ਆਖ਼ਰੀ ਲਿਖਤ ਹੋਵੇਗੀ! ਸੁਮੀਤ ਸਿੰਘ ਦਾ ਵਹਿਸ਼ੀ ਕਤਲ (22 ਫਰਵਰੀ 1984) ਪੰਜਾਬ ਦੇ ਉਨ੍ਹਾਂ ਸਿੱਖ-ਫਿਰਕਾਪ੍ਰਸਤ-ਜਨੂੰਨੀਆਂ ਦੀ ਹੈਵਾਨੀਅਤ ਦੀ ਮੂੰਹ ਬੋਲਦੀ ਘਿਨਾਉਣੀ ਤਸਵੀਰ ਹੈ ਜੋ ਸਿੱਖੀ ਦੇ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ", "ਨਾ ਕੋ ਵੈਰੀ ਨਾਹਿ ਬੇਗਾਨਾ", "ਏਕ ਨੂਰ ਤੇ ਸਭ ਜਗ ਉਪਜਿਆ" ਵਰਗੇ ਮੁਢਲੇ ਅਸੂਲਾਂ ਦੀ ਰੂਹ ਉੱਤੇ ਕਲੰਕ ਹਨ ਅਤੇ ਮਾਨਵਤਾ ਦੇ ਦੁਸ਼ਮਣ! ਉਨ੍ਹਾਂ ਅਖੌਤੀ ਮੋਮਨਾਂ ਨੂੰ ਪਤਾ ਨਹੀਂ ਕਿਹੜੇ ਸਵਰਗ ਦੇ ਲਾਰਿਆਂ ਦਾ ਸਰੂਰ ਹੈ ਜਿਹੜੇ ਇਸ ਧਰਤੀ ਨੂੰ ਨਰਕ ਬਣਾ ਰਹੇ ਹਨ, ਜਿਨ੍ਹਾਂ ਨੇ ਸੁਮੀਤ ਵਰਗਾ ਇੱਕ ਹੋਣਹਾਰ ਪੱਤਰਕਾਰ ਕਾਫ਼ਰ ਕਹਿਕੇ ਮੌਤ ਦੇ ਘਾਟ ਉਤਾਰ ਦਿੱਤਾ। ਸੁਮੀਤ ਦਾ ਕਸੂਰ ਏਨਾ ਹੀ ਦੱਸਿਆ ਗਿਆ ( ਕਾਤਲਾਂ ਵੱਲੋਂ ) ਕਿ ਸਿੱਖੀ ਸਰੂਪ ਵਿੱਚ ਨਾ ਹੋਣ ਕਰਕੇ ਉਹ ਕਾਫ਼ਰ ਸੀ! ਇਨ੍ਹਾਂ ਜਨੂੰਨੀਆਂ ਲਈ ਇਸ ਗੱਲ ਦੇ ਕੋਈ ਅਰਥ ਨਹੀਂ ਸੀ ਕਿ ਸੁਮੀਤ ਸਿੱਖ ਪਰਿਵਾਰ ਦੇ ਘਰ ਵਿੱਚ ਜੰਮਿਆ ਅਤੇ ਪੰਜਾਬੀ ਬੋਲੀ ਦਾ ਇੱਕ ਸੂਝਵਾਨ ਪੱਤਰਕਾਰ ਸੀ। ਸਿੱਖ ਜਨੂੰਨੀਆਂ ਦਾ ਇਹ ਕਾਰਨਾਮਾ ਇਹ ਸਿੱਧ ਕਰਦਾ ਹੈ ਕਿ ਅੱਜ ਪੰਜਾਬ ਦੀ ਧਰਤੀ 'ਤੇ ਸਿੱਖੀ ਸਰੂਪ ਧਾਰਨ ਕਰਨ ਵਾਲਿਆਂ ਤੋਂ ਬਿਨਾਂ ਕਿਸੇ ਨੂੰ ਜਿਉਣ ਦਾ ਹੱਕ ਨਹੀਂ। ਇਹ ਕਿਹੋ ਜਿਹੀ ਸਿੱਖੀ ਹੈ ਯਾਰੋ ?!

ਮਈ 1982 ਦੀ ਪ੍ਰੀਤ ਲੜੀ ਦੇ ਟਾਈਟਲ 'ਤੇ ਸੁਮੀਤ ਨੇ ਲਿਖਿਆ ਸੀ : " ਤੁਸੀਂ ਜਿਹੜੇ ਇਸ ਹਨੇਰੇ ਦੇ ਗਰ੍ਹ ਵਿੱਚੋਂ ਤਰ ਨਿਕਲੋਗੇ – ਇਹ ਗਰ੍ਹ ਜਿਸ ਨਾਲ ਜੂਝਦੇ ਅਸੀਂ ਡੁੱਬ ਗਏ; ਚੇਤੇ ਰੱਖਣਾ !"

ਸੁਮੀਤ! ਫਿਰਕੂ ਜਨੂੰਨ ਦੇ ਹਨੇਰੇ ਦੇ ਗਰ੍ਹ ਵਿੱਚ ਤਰ ਰਹੇ ਅਸੀਂ ਸਾਰੇ ਤੈਨੂੰ ਹਮੇਸ਼ਾਂ ਯਾਦ ਰੱਖਾਂਗੇ!

ਸੁਮੀਤ! ਤੇਰੀ ਜੀਵਨ-ਸਾਥਣ, ਤੇਰੀ ਮਾਂ, ਤੇਰੇ ਸਦਾ ਲਈ ਵਿੱਛੜੇ ਬਾਪ ਅਤੇ ਦਾਦੇ ਤੱਕ; ਤੇਰੇ ਹੋਰ ਰਿਸ਼ਤੇਦਾਰਾਂ ਤੱਕ ਸਾਡੀ ਹਮਦਰਦੀ ਦੇ ਅਣਲਿਖੇ ਬੋਲ ਸਾਡੇ ਅਮਲਾਂ ਰਾਹੀਂ ਹਮੇਸ਼ਾਂ ਪਹੁੰਚਦੇ ਰਹਿਣਗੇ!

## • ਫਿਰਕੂ ਸਥਿਤੀ, ਸਰਕਾਰ ਅਤੇ ਪ੍ਰੈੱਸ ਦੀ ਆਜ਼ਾਦੀ :

ਸਾਡਾ ਸ਼ੱਕ ਹੀ ਨਹੀਂ, ਪੱਕਾ ਯਕੀਨ ਹੈ ਕਿ ਸੁਮੀਤ ਨੂੰ ਉਸਦੇ ਫਿਰਕਾਪ੍ਰਸਤੀ ਵਿਰੁੱਧ ਲੋਕ-ਪੱਖੀ ਵਿਚਾਰਾਂ ਕਰਕੇ ਕਤਲ ਕੀਤਾ ਗਿਆ ਹੈ। ( ਕੈਨੇਡਾ ਦੇ ਕਈ ਅਖਬਾਰਾਂ ਵੱਲੋਂ ਇਹ ਸ਼ੋਰ ਪਾਇਆ ਜਾ ਰਿਹਾ ਹੈ ਕਿ ਸੁਮੀਤ ਨੂੰ ਉਸਦੇ ਗੈਰ-ਸਿੱਖ ਜਾਂ ਹਿੰਦੂ ਸਰੂਪ ਕਰਕੇ ਕਤਲ ਕੀਤਾ ਗਿਆ ਹੈ!) ਚਾਹੇ ਸੁਮੀਤ ਨੂੰ ਹਿੰਦੂ ਸਰੂਪ ਕਰਕੇ ਕਤਲ ਕੀਤਾ ਗਿਆ ਹੈ, ਚਾਹੇ ਉਸਦੇ ਠੋਸ ਵਿਚਾਰਾਂ ਕਰਕੇ – ਦੋਹਾਂ ਹਾਲਤਾਂ ਵਿੱਚ ਹੀ ਇਹ ਵਹਿਸ਼ੀ ਕੁਕਰਮ ਨਿੰਦਣਯੋਗ ਹੈ ਅਤੇ ਅਸਲ ਵਿੱਚ ਫਿਰਕਾਪ੍ਰਸਤੀ ਦਾ ਵਿਰੋਧ ਕਰਨ ਵਾਲੀ ਪ੍ਰੈੱਸ ਦੀ ਆਜ਼ਾਦੀ ਦਾ ਕਾਤਲ ਹੈ। ਫਿਰਕੂ ਜਨੂੰਨੀਆਂ ਵੱਲੋਂ ਹਿੰਦੁਸਤਾਨ, ਇੰਗਲੈਂਡ ਅਤੇ ਕੈਨੇਡਾ ਦੇ ਕਈ ਪਰਚਿਆਂ ਦੇ ਸੰਪਾਦਕਾਂ/ ਪੱਤਰਕਾਰਾਂ ਨੂੰ ਕਤਲ ਕਰਨ ਦੀਆਂ ਧਮਕੀਆਂ ਜਾਂ 'ਸੁਮੀਤ ਵਾਲਾ ਹਾਲ ਕਰਵਾਉਣ ਬਾਰੇ' ਦੀਆਂ 'ਨੇਕ-ਰਾਵਾਂ' ਦਿੱਤੀਆਂ ਜਾ ਰਹੀਆਂ ਹਨ। ਫਿਰਕਾਪ੍ਰਸਤੀ ਦਾ ਵਿਰੋਧ ਕਰਨ ਵਾਲੀ ਪ੍ਰੈੱਸ ਦੀ ਆਜ਼ਾਦੀ ਉੱਤੇ ਦੇਸ-ਪਰਦੇਸ ਵਿੱਚ ਹੋ ਰਹੇ ਇਨ੍ਹਾਂ ਹਮਲਿਆਂ/ ਕਤਲਾਂ/ਧਮਕੀਆਂ ਦੀ ਅਸੀਂ ਜ਼ੋਰਦਾਰ ਨਿਖੇਧੀ ਕਰਦੇ ਹਾਂ ਭਾਵੇਂ ਇਹ ਹਰਕਤਾਂ ਕਿਸੇ ਵੀ 'ਸੰਸਥਾ/ ਸਰਕਾਰ/ ਪਰਚੇ' ਵੱਲੋਂ 'ਕੀਤੀਆਂ/ ਕਰਵਾਈਆਂ' ਜਾ ਰਹੀਆਂ ਹਨ।

ਸਾਨੂੰ ਹਿੰਦੂ-ਸਿੱਖ ਫਿਰਕਾਪ੍ਰਸਤਾਂ ਵੱਲੋਂ ਕਤਲ/ ਅਪਮਾਨਤ ਕੀਤੇ ਗਏ ਸਾਰੇ ਵਿਅਕਤੀਆਂ ਅਤੇ ਉਨ੍ਹਾਂ ਦੇ ਜਿਉਂਦੇ ਮਿੱਤਰਾਂ/ ਰਿਸ਼ਤੇਦਾਰਾਂ ਨਾਲ ਦਿਲੀ ਹਮਦਰਦੀ ਹੈ – ਸੁਮੀਤ ਦੇ ਵਿਚਾਰ ਕਿਉਂਕਿ ਪ੍ਰੀਤ ਲੜੀ ਰਾਹੀਂ ਲਿਖਤੀ ਰੂਪ ਵਿੱਚ ਮੌਜੂਦ ਸਨ ਇਸ ਲਈ ਉਨ੍ਹਾਂ ਵਿਚਾਰਾਂ ਨੂੰ ਸੁਮੀਤ ਸਿੰਘ ਸਪਲੀਮੈਂਟ ਵਿੱਚ ਪੇਸ਼ ਕਰ ਰਹੇ ਹਾਂ। ਇਸ ਫਿਰਕੂ ਅੱਗ ਦੀ ਭੇਟ ਹੋਏ ਹੋਰ ਵਿਅਕਤੀਆਂ ਦੇ ਵਿਚਾਰ ਜੇ ਕਿਸੇ ਸਨੇਹੀ ਕੋਲ ਮੌਜੂਦ ਹੋਣ ਤਾਂ ਕਿਰਪਾ ਕਰਕੇ ਸਾਨੂੰ ਭੇਜੋ ਤਾਂ ਕਿ ਸਾਰੇ ਲੋਕਾਂ ਨੂੰ ਸਾਰੀ ਸਥਿਤੀ ਦਾ ਚਾਨਣ ਹੋ ਸਕੇ।

## • ਪੰਜਾਬ ਦੇ ਸਾਹਿੱਤਕ-ਰਾਜਨੀਤਕ ਪਰਚੇ :

ਪੰਜਾਬ ਦੇ ਬਹੁਤ ਸਾਰੇ ਸਾਹਿੱਤਕ-ਰਾਜਨੀਤਕ ਪਰਚੇ ( ਜਿਨ੍ਹਾਂ ਦੀ ਲੋਕਾਂ ਨੂੰ ਅਗਾਂਹਵਧੂ ਚੇਤਨਤਾ ਪਰਦਾਨ ਕਰਨ ਵਾਲੀ ਹਾਂ-ਪੱਖੀ ਦੇਣ ਦਾ ਅਸੀਂ ਸਤੰਬਰ- ਦਸੰਬਰ 83 ਅੰਕ ਦੇ ਸੰਪਾਦਕੀ ਵਿੱਚ ਜ਼ਿਕਰ ਕੀਤਾ ਸੀ ) ਅੱਜ ਦੀ ਫਿਰਕੂ ਸਥਿਤੀ ਵਿੱਚ ਲੋਕਾਂ ਨੂੰ ਗੰਭੀਰਤਾ ਨਾਲ ਸਿੱਖਿਅਤ ਕਰ ਰਹੇ ਹਨ। ਇਨ੍ਹਾਂ ਪਰਚਿਆਂ ਵਿੱਚੋਂ ਦੋ ਪਰਚਿਆਂ ਵਿੱਚ ਛਪਣ ਵਾਲੇ ਵਿਚਾਰ ਅਸੀਂ ਇਸ ਵਾਰ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ। ਹੋਰਨਾਂ ਪਰਚਿਆਂ ਦੇ ਵਿਚਾਰ ਵੀ ਅਸੀਂ ਆਪਣੇ ਪਾਠਕਾਂ ਨਾਲ ਅਗਲੇ ਅੰਕਾਂ ਵਿੱਚ ਸਾਂਝੇ ਕਰਾਂਗੇ।

## • ਡਾਕਟਰ ਵਿਸ਼ਵਾ ਨਾਥ ਤਿਵਾੜੀ ਦਾ ਕਤਲ :

ਅਸੀਂ ਵਤਨੋਂ ਦੂਰ ਦਾ ਇਹ ਅੰਕ ਪ੍ਰੈੱਸ ਵਿੱਚ ਭੇਜਣ ਵਾਲੇ ਸੀ ਜਦੋਂ ਖ਼ਬਰ ਮਿਲੀ ਕਿ ਤਿੰਨ ਅਪਰੈਲ 1984 ਨੂੰ ਪੰਜਾਬ ਯੂਨੀਵਰਸਿਟੀ ਦੇ ਪਰੋਫੈਸਰ ਅਤੇ ਇੱਕ ਵਿਭਾਗ ਦੇ ਮੁਖੀ, ਸਾਹਿੱਤ ਅਕਾਦਮੀ ਦਿੱਲੀ ਵੱਲੋਂ ਪੰਜਾਬੀ ਕਵਿਤਾ ਦੀ ਪੁਸਤਕ 'ਗਾਗਰ ਤੋਂ ਫੁੱਟਪਾਥ ਤੱਕ' ਦੀ ਰਚਨਾ ਲਈ ਪੁਰਸਕਾਰ ਨਾਲ ਸਨਮਾਨੇ ਜਾਣ ਵਾਲੇ, ਅਤੇ "ਪੰਜਾਬ-ਪੰਜਾਬੀ- ਪੰਜਾਬੀਅਤ/ ਹਿੰਦੂ - ਸਿੱਖ - ਏਕਤਾ " ਲਈ ਆਪਣੇ ਖ਼ੂਨ ਨਾਲ ਹਲਫ਼ੀਆ ਬਿਆਨ ਲਿਖਣ ਵਾਲੇ ਡਾਕਟਰ ਵਿਸ਼ਵਾ ਨਾਥ ਤਿਵਾੜੀ ਵੀ ਪੰਜਾਬ ਦੇ ਫਿਰਕਾਪ੍ਰਸਤ ਜਨੂੰਨੀਆਂ ਵੱਲੋਂ ਬੇਰਹਿਮੀ ਨਾਲ ਕਤਲ ਕਰ ਦਿੱਤੇ ਗਏ ਹਨ।

ਪੰਜਾਬੀ ਬੋਲੀ ਲਈ ਡਾਕਟਰ ਤਿਵਾੜੀ ਦੀਆਂ ਕੀਤੀਆਂ ਗਈਆਂ ਕੋਸ਼ਿਸ਼ਾਂ ਦਾ ਚੰਗਾ ਪੱਖ ਵਿਚਾਰਧਾਰਕ ਮੱਤ-ਭੇਦਾਂ ਦੇ ਬਾਵਜੂਦ ਵੀ ਸਤਿਕਾਰਨ ਯੋਗ ਹੈ ਜੋ ਸਾਨੂੰ ਹਮੇਸ਼ਾਂ ਯਾਦ ਰਹੇਗਾ। ਅਸੀਂ ਡਾਕਟਰ ਵਿਸ਼ਵਾ ਨਾਥ ਤਿਵਾੜੀ ਨੂੰ ਭਰੇ ਹੋਏ ਮਨ ਨਾਲ ਸ਼ਰਧਾਂਜਲੀ ਭੇਟ ਕਰਦੇ ਹੋਏ ਉਹਨਾਂ ਦੇ ਪਰਿਵਾਰ ਦੇ ਜਿਉਂਦੇ ਮੈਂਬਰ ਨਾਲ ਸੱਚੀ ਹਮਦਰਦੀ ਦੇ ਬੋਲ ਸਾਂਝੇ ਕਰਦੇ ਹਾਂ।

– ਸੰਪਾਦਕ

# ਛਾਉਣੀਆਂ ਪੱਟ ਲੋ (ਬਾਬੂ ਰੱਜਬ ਅਲੀ)

[ਪੰਜਾਬ ਦੇ ਲੋਕ-ਪ੍ਰਿਅ ਕਾਵਿ-ਰੂਪ ਕਵੀਸ਼ਰੀ ਦੀ ਰਚਨਾ ਵਿੱਚ ਚੰਦ ਸਿੰਘ (ਮਰਾੜ੍ਹ), ਮਾਘੀ ਸਿੰਘ, ਪੂਰਨ ਸਿੰਘ (ਰਾਮੇ ਵਾਲਾ), ਸ਼ੇਰ ਸਿੰਘ ਮੰਡਲ (ਅਖ਼ੂਪੁਰਾ), ਮੋਹਨ ਸਿੰਘ ਰੋਡੇ, ਕਰਨੈਲ ਸਿੰਘ ਰਾਮੂਵਾਲੀਆ, ਬਲਵੰਤ ਸਿੰਘ ਪਮਾਲ ਕੁਝ ਕੁ ਪਰਸਿੱਧ ਨਾਮ ਹਨ। ਬਾਬੂ ਰੱਜਬ ਅਲੀ ਕਵੀਸ਼ਰੀ ਪਰਥਾ ਵਿੱਚ ਇੱਕ ਉੱਘਾ ਅਤੇ ਸਤਿਕਾਰਯੋਗ ਨਾਮ ਹੈ। ਕਵੀਸ਼ਰੀ ਦੀ ਪਰਥਾ ਵਿੱਚ ਇਸ ਸਦੀ ਦੀ ਪਹਿਲੀ ਚੌਥਾਈ ਵਿੱਚ ਕਬਿੱਤ, ਕੁੰਡਲੀਆ, ਸੋਰਠਾ, ਬੈਂਤ, ਦੁਤਾਰਾ, ਤਿਉਰਾ ਅਤੇ ਕੋਰੜਾ ਆਦਿ ਕਾਵਿ-ਰੂਪ ਛੰਦ ਦੇ ਖੜੋਤ ਜਿਹੀ ਆ ਗਈ ਪਰਤੀਤ ਹੁੰਦੀ ਸੀ। 1923 ਵਿੱਚ ਇੱਕ ਮੇਲੇ ਉੱਤੇ ਗੰਗਾ ਸਿੰਘ ਕਵੀਸ਼ਰ ਦੇ ਕਥਨ "ਮੈਂ ਕਵੀਆਂ ਦਾ ਰਾਜਾ" ਦਾ ਨਿਬੇੜਾ ਕਰਨ ਲਈ ਸਾਰੇ ਪੰਜਾਬ ਦੇ ਸਿਰਕੱਢ ਕਵੀਸ਼ਰਾਂ ਦੇ ਅਖਾੜੇ ਵਿੱਚ 'ਘੰਟੇ ਦੇ ਜੀਵਨ' ਬਾਰੇ ਨਵੇਂ ਕਾਵਿ-ਰੂਪ "ਛੇ ਕਲੀਆ ਛੰਦ" (ਜੋ 'ਬਾਬੂ ਚਾਲ' ਦੇ ਨਾਮ ਨਾਲ ਮਸ਼ਹੂਰ ਹੋਇਆ) ਵਿੱਚ ਕਵੀਸ਼ਰੀ ਰਚ ਕੇ ਬਾਬੂ ਜੀ ਨੇ ਸ਼੍ਰੋਮਣੀ ਕਵੀਸ਼ਰ ਦਾ ਮਾਣ ਪ੍ਰਾਪਤ ਕੀਤਾ। ਅੱਜ ਦੇ ਕਵੀਸ਼ਰ ਸਵਰਗੀ ਬਾਬੂ ਰੱਜਬ ਅਲੀ ਦਾ ਨਾਮ ਸ਼ਰਧਾ ਨਾਲ ਲੈਂਦੇ ਹਨ।

ਬਾਬੂ ਜੀ ਨੇ ਇੱਕ ਹੋਰ ਨਵੇਂ ਅਤੇ ਔਖੇ ਕਵੀਸ਼ਰੀ ਰੂਪ – 72 ਕਲਾ ਛੰਦ – ਦੀ ਸਿਰਜਣਾ ਕੀਤੀ, ਜਿਸ ਵਿੱਚ ਲਿਖੇ ਉਨ੍ਹਾਂ ਦੇ ਦੋ ਛੰਦ, ਬਹੁਤ ਪ੍ਰਸਿੱਧ ਹੋਏ:

– ਕਦੇ ਕਰੇਂ ਹੰਕਾਰਿਆ ਨਾ, ਅੱਗੇ ਦਾ ਫ਼ਿਕਰ, ਸੱਚ ਦਾ ਜ਼ਿਕਰ, ਮੌਤ ਨੇ ਫੜ ਲਿਆ, ਬੰਦਾ ਕਿੱਡਾ ਕਮਲਾ!

– ਮਾਂ ਦੇ ਮਖਣੀ ਖਾਇਓ ਵੇ, ਸੂਰਮਿਓ ਪੁੱਤਰੋ, ਚੁਬਾਰਿਓਂ ਉੱਤਰੋ, ਫਰਕਦੇ ਬਾਜ਼ੂ, ਜਵਾਨੀ ਚੜ੍ਹਗੀ (1965)

ਏਸੇ ਕਾਵਿ-ਰੂਪ ਦੇ ਨੇੜੇ ਬਾਬੂ ਜੀ ਨੇ 1962 ਵਿੱਚ ਇੱਕ ਹੋਰ ਨਵੀਂ ਸਿਰਜਣਾ – 62 ਕਲਾ ਛੰਦ – ਦੀ ਰਚਨਾ ਵੀ ਕੀਤੀ:

– ਸ਼ੇਰੋ ਬਚੜੇ ਪੰਜਾਬ ਦਿਓ, ਸ਼ਰਮ ਦਿਓ ਰਾਖਿਓ, ਜੰਗਾਂ ਵਿੱਚ ਗਾਜ਼ਿਓ, ਲੜਾਈਆਂ ਲੜਨਿਓਂ!

ਪਾਠਕ ਬਾਬੂ ਜੀ ਦੀ ਕਾਵਿ-ਰਚਨਾ ਦੀਆਂ ਵੰਨਗੀਆਂ ਵਤਨੋਂ ਦੂਰ ਵਿੱਚ [ਪੰਜ ਪਸਤੌਲਾਂ ਵਾਲੇ (ਮਾਰਚ ਅਪਰੈਲ 83); ਵਤਨ ਦੀਆਂ ਤਾਂਘਾਂ (ਜਨਵਰੀ ਫਰਵਰੀ 84)] ਪਹਿਲਾਂ ਵੀ ਪੜ੍ਹ ਚੁੱਕੇ ਹਨ। ਹੇਠਾਂ ਦਿੱਤਾ ਜਾ ਰਿਹਾ 72 ਕਲਾ ਛੰਦ ਬਾਬੂ ਰੱਜਬ ਅਲੀ ਦੇ ਕਿੱਸੇ 'ਸਾਂਡਰਸ ਦੇ ਕਤਲ ਦਾ ਪਰਸੰਗ' ਵਿੱਚੋਂ ਹੈ। ਇਸ ਛੰਦ ਅਤੇ ਪ੍ਰੋ: ਜਗਮੋਹਨ ਸਿੰਘ ਦੇ ਲੇਖ ਨਾਲ ਅਸੀਂ 23 ਮਾਰਚ ਦੇ ਅਮਰ-ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ।]

– ਸੰਪਾਦਕ

ਦੋਹਿਰਾ:

ਮਾਰਿਆ ਜਦੋਂ ਲਾਹੌਰ ਮੇਂ, ਗੋਲੀ ਸੇ ਅੰਗਰੇਜ਼।
ਤਾਰ ਜ਼ਰੂਰੀ ਵਾਇਸਰਾਇ, ਦੇ ਲੰਡਨ ਨੂੰ ਭੇਜ।

ਸੁੰਨਸਾਨ ਛਾਉਣੀਆਂ ਜੀ, ਰੌਣਕਾਂ ਘਟੀਆਂ, ਹੋਣ ਬੰਦ ਹੱਟੀਆਂ, ਹੋਣ ਨਾ ਮੈਚ, ਕਰਨ ਨਾ ਕੈਚ, ਬਾਲ ਜਿਹੇ ਰੁਲਦੇ, ਬੈਟ ਪਏ ਖੂੰਜੇ।
ਰਹਿ ਸੂਟ ਇਸਤਰੀ ਨਾ, ਰੇਸ਼ਮੀ ਟਾਈ, ਕਦੇ ਨਾ ਲਾਈ, ਨਾ ਹੈਂਡਕਰਚੀਫ, ਨਹੀਂ ਮੁਖ ਪੂੰਝੇ।
ਪੈ ਗਿਆ ਸੋਗ ਬੰਗਲਿਆਂ ਮੇਂ, ਅੜੇ ਅੰਗਰੇਜ਼, ਲਾਉਣ ਨਾ ਮੇਜ਼, ਗਾਰਡ 'ਚ ਅੰਦਰੇ, ਗੇਟ ਨੂੰ ਜੰਦਰੇ, ਸੜਕ ਤੇ ਪਹਿਰੇ, ਕਹਿਣ ਦੜ ਵੱਟ ਲੋ।
ਭੇਜੇ ਤਾਰ ਵਾਇਸਰਾਏ ਜੀ, ਨਵੇਂ ਉਠੇ ਛੋਹਰੇ, ਮਾਰ ਤੇ ਗੋਰੇ, ਹੁਕਮ ਨਾ ਮੰਨਦੇ, ਛਾਉਣੀਆਂ ਪੱਟ ਲੋ।

ਹੱਥ ਲਾਏ ਮੈਲੀਆਂ ਜੀ, ਹੋਣ ਜੋ ਮੇਮਾਂ, ਛੋੜਗੀਆਂ ਗੇਮਾਂ, ਕੇਸ ਜਿਹੇ ਭੂਰੇ, ਮੱਥੇ ਦੇ ਮੂਹਰੇ, ਉਡਦੀਆਂ ਘੂਦਾਂ, ਉਲਝਗੇ ਗੇਸੂ।
ਮੈਲ ਲੁਕਿੰਗ ਗਲਾਸਾਂ ਤੇ, ਚੰਬੇ ਦੀਆਂ ਕਲੀਆਂ, ਅਤਰ ਦੀਆਂ ਪਲੀਆਂ, ਲੈਣ ਨਾ ਖੁਸ਼ਬੋ, ਖਿੜੇ ਫੁੱਲ ਕੇਸੂ।
ਬੰਦ ਸ਼ੀਸ਼ੀ ਵਿਸਕੀਆਂ ਜੀ, ਕਿਸਮਤਾਂ ਮੰਦੀਆਂ, ਨਾਚ-ਘਰੋਂ ਬੰਦੀਆਂ, ਜਾਣ ਨਾ ਮੈੱਸ, ਜਗਾਹ ਨਾ ਗੈਸ, ਏਵੇਂ ਰੋ ਰੋ ਕੇ, ਚਾਰ ਦਿਨ ਕੱਟ ਲੋ।
ਭੇਜੇ ਤਾਰ ਵਾਇਸਰਾਏ ਜੀ ...

ਗਈਆਂ ਪਾਟ ਜੁਰਾਬਾਂ ਜੀ, ਬੂਟ ਦੇ ਤਸਮੇਂ, ਬੰਨਣ ਦਿਨ ਦਸਮੇ, ਖ਼ਬਰ ਨੀਂ ਧੂੜ ਦੀ, ਲਿਪਸਟਿਕ ਰੁਲਦੀ, ਕਰਨ ਨਾ ਸੈਰ, ਵਖਤ ਨੂੰ ਫੜੀਆਂ।
ਫੈਨ ਟੁਟਗੇ ਸੁਨਹਿਰੀ ਜਿਹੇ, ਸ਼ਹਿਰ ਨਾ ਜਾਂਦੇ, ਹੋਰ ਨਾ ਲਿਆਂਦੇ, ਦੇਣ ਨਾ ਚਾਬੀ, ਖੜ੍ਹਗੀਆਂ ਘੜੀਆਂ।
ਹੈ ਨੀ ਲੱਜਤ ਕਬਾਬਾਂ ਮੇਂ, ਮਈਆਂ ਲੱਗ ਮਿੱਟੀਆਂ, ਪਲੇਟਾਂ ਚਿੱਟੀਆਂ, ਕੱਠੇ ਜੋ ਕੇਕ, ਲੱਗੇ ਨਾ ਸੇਕ, ਬਿਸਕੁਟਾਂ ਭੁੱਖੀਆਂ, ਮੱਖਣ ਨਾਲ ਚੱਟ ਲੋ।
ਭੇਜੇ ਤਾਰ ਵਾਇਸਰਾਏ ਜੀ ...

ਹੁਣ ਮੰਗਣ ਬਰਾਬਰ ਦੇ, ਭਾਰਤੀ ਫੌਜੀ, ਜਾਣ ਕਿੱਤ ਮੌਜੀ, ਗੋਰੇ ਜਿੰਨੀ ਤਨਖਾਹ, ਲੜਨ ਪਏ ਅੰਨ੍ਹੇ ਵਾਹ, ਪਾਂਦੇ ਭਜਬੂ, ਉਡਾਉਂਦੇ ਪੱਚਰੇ।
ਮਾਰਿਆ ਇਟਲੀ ਜਰਮਨੀ ਨੂੰ, ਮਿਸਰ ਦੀ ਧਰਤੀ, ਲਹੂ ਨਾਲ ਭਰਤੀ, ਰੁੜ੍ਹਦੀਆਂ ਸਿਰੀਆਂ, ਰੁੜ੍ਹਣ ਜਿਉਂ ਕੱਚਰੇ।
ਗਿਆ ਬਦਲ ਜ਼ਮਾਨਾ ਜੀ, ਸਮਾਂ ਹੋਰ ਆਇਆ, ਵਿਗੜਗੀ ਰਿਆਇਆ, ਨਵੇਂ ਛੋਹਰ ਪੜ੍ਹਗੇ, ਦਫਤਰੀਂ ਵੜਗੇ, ਨਰਮੀਆਂ ਵਰਤੋ, ਮਾਮਲਾ ਘੱਟ ਲੋ।
ਭੇਜੇ ਤਾਰ ਵਾਇਸਰਾਏ ਜੀ ...

ਅੱਗੇ ਹੱਥ ਨਾ ਉਠਾਉਂਦੇ ਸੀ, ਵਰਜਦਾ ਗਾਂਧੀ, ਪੇਸ਼ ਨਾ ਜਾਂਦੀ, ਸੱਤਿਆਗ੍ਰਹਿ ਕਰਦੇ, ਬਹਾਦਰ ਮਰਦੇ, ਫੇਰ ਗਏ ਅੱਖੀਆਂ, ਲੈਣ ਨਾ ਛਿੱਕਲੇ।
ਰਹਿੰਦੇ ਤਿਆਰ ਫਸਾਦਾਂ ਨੂੰ, ਨਹੀਂ ਗੱਲ ਮੰਨਦੇ, ਆਰਡਰ ਭੰਨਦੇ, ਤੋੜ ਕੇ ਪਿੰਜਰੇ, ਬਾਹਰ ਸ਼ੀਂਹ ਨਿਕਲੇ।
ਬਾਗੀ ਕਰਨ ਬਗਾਵਤ ਜੀ, ਰਲਣ ਤਿੰਨ ਕੌਮਾਂ, ਪਿਆ ਫੁੱਟ ਸੋਮਾ, ਭਗਤ ਸਿੰਘ ਜੁਆਨ, ਕਰੂ ਨੁਕਸਾਨ, ਅਰਜ਼ ਕਰੋ ਕਿੰਗ ਨੂੰ, ਪਿਛਾਂਹ ਨੂੰ ਹਟ ਲੋ।
ਭੇਜੇ ਤਾਰ ਵਾਇਸਰਾਏ ਜੀ ...

ਢੰਗ ਭਲੇ-ਆਦਮਾਂ ਦੇ, ਛੋੜਦੇ ਇੰਡੀਆ, ਫਰੰਗੀ ਹਿੰਦੀਆ, ਨਹੀਂ ਰਾਜ ਚੱਲਦੇ, ਅੱਗੇ ਭੀਸ ਮੱਲਦੇ, ਡੋਗ ਤੇ ਰਾਖੀ, ਮਾਰਕੇ ਮੌਢੇ।
ਉਸੇ ਖ਼ਾਨਦਾਨ ਚੋਂ ਜੀ, ਜਾਣਦੇ ਮਰਨ, ਕਰੇ ਜੋ ਪਰਣ, ਹਟਣਗੇ ਬੰਨ੍ਹਕੇ, ਬਿਸਤਰੇ ਬੋਰੇ।
ਬੱਸ ਹੋ ਗਈ ਆਪਣੀ ਜੀ, ਅੱਗੇ ਕੀ ਵੇਖਦੇ ਓ, ਆਜ਼ਾਦੀ ਦੇ ਦਿਓ, ਕਰੋ ਕੁਛ ਸ਼ਰਮ, ਤਾਰਦਿਓ ਧਰਮ, 'ਬਾਬੂ' ਹੱਥ ਜੋੜ, ਸੱਚੇ ਨੂੰ ਰਟ ਲੋ।
ਭੇਜੇ ਤਾਰ ਵਾਇਸਰਾਏ ਜੀ ...

# ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਭਾਰਤ ਦੇ ਭਵਿੱਖ ਬਾਰੇ ਸੰਕਲਪ

ਪ੍ਰੋ: ਜਗਮੋਹਨ ਸਿੰਘ

"ਮੇਰੀ ਹਵਾ ਮੇਂ ਰਹੇਂਗੀ ਖਿਆਲ ਕੀ ਬਿਜਲੀਆਂ।
ਯਹ ਮੁਸ਼ਤੇ ਖਾਕ ਹੈ ਫਾਨੀ ਰਹੇ ਨਾ ਰਹੇ॥"

ਫਾਂਸੀ ਕੋਠਰੀ ਤੋਂ ਆਪਣੇ ਛੋਟੇ ਭਾਈ ਨੂੰ ਲਿਖੇ ਖੱਤ ਵਿੱਚ ਸ਼ਹੀਦ ਭਗਤ ਸਿੰਘ ਨੇ ਇਹ ਸ਼ੇਅਰ ਲਿਖ ਕੇ ਭੇਜਿਆ ਸੀ। ਉਹ ਖਿਆਲ ਜੋ ਬਿਜਲੀ ਵਾਂਗ ਜਨ ਜੀਵਨ ਵਿੱਚ ਰੌਅ ਪੈਦਾ ਕਰਕੇ ਰਹਿਣਗੇ, ਕਿਹੜੇ ਹਨ ਜਿਸ ਦਾ ਸ਼ਹੀਦ ਨੇ ਜ਼ਿਕਰ ਕੀਤਾ ਹੈ ? ਅੱਜ 23 ਮਾਰਚ ਦੇ ਦਿਨ ਜਦ ਅਸੀਂ ਸ਼ਹੀਦ ਭਗਤ ਸਿੰਘ, ਸ਼ਹੀਦ ਸੁਖਦੇਵ, ਸ਼ਹੀਦ ਰਾਜਗੁਰੂ ਦੀ ਸ਼ਹੀਦੀ ਦਾ 54ਵਾਂ ਦਿਨ ਮਨਾ ਰਹੇ ਹਾਂ, ਉਹ ਵਿਚਾਰ ਤੇ ਆਜ਼ਾਦ ਭਾਰਤ ਦੇ ਸੰਕਲਪ ਨੂੰ ਵਿਚਾਰਨਾ ਚੰਗਾ ਰਹੇਗਾ। ਖਾਸ ਕਰ ਕੇ ਜਦ ਆਲਾ ਦੁਆਲਾ ਵੈਰ ਵਿਰੋਧ, ਮਸੂਮਾਂ ਦੇ ਖ਼ੂਨ ਅਤੇ ਵਖਰੇਵੇਂ ਦੀਆਂ ਹਵਾਵਾਂ ਨਾਲ ਦੂਸ਼ਤ ਹੈ—ਸ਼ਹੀਦਾਂ ਦੇ ਵਿਚਾਰ ਜਾਨਣਾ ਵੀ ਜ਼ਰੂਰੀ ਹੈ।

ਮੇਰਠ ਸਾਜ਼ਸ਼ ਕੇਸ, ਜੋ ਕਿ ਮਜ਼ਦੂਰਾਂ ਨੇਤਾਵਾਂ ਉਤੇ ਅੰਗਰੇਜ਼ ਸਾਮਰਾਜ ਨੇ ਚਲਾਇਆ ਸੀ ਦੇ ਇਕ ਅੰਗਰੇਜ਼ ਮਜ਼ਦੂਰ ਨੇਤਾ ਹੋਦਿਨਸਨ ਨੇ ਉਸ ਵਕਤ ਬਾਰੇ ਲਿਖਿਆ ਹੈ। ਉਸਦਾ ਕਹਿਣਾ ਹੈ ਕਿ ਭਾਵੇਂ ਭਗਤ ਸਿੰਘ ਨੇ ਸਾਡੇ ਮੁਕਦਮੇ ਦੀ ਮਹੱਤਤਾ ਨੂੰ ਲੋਕਾਂ ਦਿਆਂ ਅੱਖਾਂ ਓਹਲੇ ਕਰਕੇ ਆਪਣੇ ਮੁਕਦਮੇ ਨੂੰ ਲੋਕ ਲਹਿਰ ਬਣਾ ਲਿਆ ਹੈ, ਪਰ ਉਸਦੇ ਆਮ ਲੋਕਾਂ 'ਤੇ ਅਸਰ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਭਗਤ ਸਿੰਘ ਦਾ ਲੋਕ ਅਸਰ ਕਿੰਨਾ ਹੈ। ਇਸ ਦਾ ਪ੍ਰਮਾਣ ਇਸ ਗੱਲ ਵਿੱਚ ਹੈ: ਅੱਗੇ ਕਾਂਗਰਸੀ ਸਤਿਆਗ੍ਰਹੀ ਜੇਹਲ ਆਉਂਦੇ ਸਮੇਂ ਸਿਰਫ ਮਹਾਤਮਾ ਗਾਂਧੀ ਜੀ ਦੇ ਨਾਹਰੇ ਲਗਾਉਂਦੇ ਸਨ ਪਰ ਹੁਣ ਅੱਧ ਤੋਂ ਵੱਧ ਵਾਰੀ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਗਾਉਂਦੇ ਹਨ। ਇਹ ਇਨਕਲਾਬੀ ਤਬਦੀਲੀ ਹੈ। ਇਕ ਮਨੁੱਖ ਦੀ ਜੈ ਤੋਂ ਇਕ ਵਿਚਾਰ ਦੀ ਜੈ ਤੱਕ ਜਨਤਾ ਨੂੰ ਲੈ ਜਾਣਾ। ਇਨਕਲਾਬ ਜ਼ਿੰਦਾਬਾਦ ਅੰਗਰੇਜ਼ ਸਰਮਾਏਦਾਰੀ ਮੁਰਦਾਬਾਦ ਦਾ ਨਾਹਰਾ ਸੰਕਲਪ ਦੀ ਗੱਲ ਹੈ।

ਕਲਕੱਤੇ ਦੇ ਅਖ਼ਬਾਰ ਮਾਡਰਨ ਰੀਵਿਊ ਨੇ ਜਦ ਇਸ ਤੇ ਕਰੜੀ ਨੁਕਤਾਚੀਨੀ ਕੀਤੀ ਤਾਂ ਉਸਦੇ ਜੁਵਾਬ ਵਿਚ ਸ਼ਹੀਦ ਭਗਤ ਸਿੰਘ ਨੇ ਲਿਖਿਆ ਸੀ, "ਅਸੀਂ ਦੇਸ਼ ਵਿੱਚ ਬਿਹਤਰ ਤਬਦੀਲੀ ਦੀ ਸਪਿਰਟ ਤੇ ਉਨਤੀ ਦੀ ਖਾਹਸ਼ ਲਈ ਇਹ ਲਫਜ਼ ਇਨਕਲਾਬ ਦੀ ਵਰਤੋਂ ਕਰ ਰਹੇ ਹਾਂ। ਹੁੰਦਾ ਇਹ ਹੈ ਕਿ ਆਮ ਤੌਰ ਤੇ ਇਕ ਖੜੋਤ ਦੀ ਹਾਲਤ ਲੋਕਾ ਨੂੰ ਆਪਣੇ ਸਕੈਂਜੇ ਵਿੱਚ ਜਕੜ ਲੈਂਦੀ ਹੈ ਅਤੇ ਕਿਸੇ ਵੀ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ। ਬੱਸ ਇਸ ਜਮੂਦ ਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਇਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਹੀਂ ਤਾਂ ਇਕ ਗਿਰਾਵਟ ਅਤੇ ਬਰਬਾਦੀ ਦਾ ਵਾਯੂ ਮੰਡਲ ਕਾਬਜ਼ ਹੋ ਜਾਂਦਾ ਹੈ ਅਤੇ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਗੈਰ ਤਰੱਕੀ ਪਸੰਦ ਤਾਕਤਾਂ ਉਨ੍ਹਾਂ ਨੂੰ ਗਲਤ ਰਾਹ ਲੈ ਜਾਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਜਿਸ ਨਾਲ ਇਨਸ ਨੀ ਤਰੱਕੀ ਰੁੱਕ ਜਾਂਦੀ ਹੈ ਅਤੇ ਉਸ ਵਿੱਚ ਇਕ ਖੜੋਤ ਆ ਜਾਂਦੀ ਹੈ।"

ਅੱਜ ਸਮਾਜੀ, ਆਰਥਕ ਤੇ ਰਾਜਨੀਤਿਕ ਸੰਕਟ ਦੇ ਸਮੇਂ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰ ਤੇ ਸੰਕਲਪ ਜਾਣਨਾ ਹੀ ਇਕ ਮਾਤਰ ਰਾਹ ਦਿਖਾ ਸਕਦਾ ਹੈ। ਨੌਜਵਾਨ ਸਭਾ ਦੇ ਮੈਨੀਫੈਸਟੋ ਨਹੀਂ — ਮੰਨਰਥਪੱਤਰ ਵਿੱਚ ਉਨ੍ਹਾਂ ਕਿਹਾ ਸੀ ਕਿ ਆਪਣੇ ਮਹਾਨ ਆਦਰਸ਼ ਦੀ ਠੀਕ ਠੀਕ ਪਹਿਚਾਣ ਹੋਣੀ ਚਾਹੀਦੀ ਹੈ ਤੇ ਇਹ ਮਹਾਨ ਆਦਰਸ਼ ਦੇ ਸੰਕਲਪ ਜਿਵੇਂ ਸ਼ਹੀਦ ਭਗਤ ਸਿੰਘ ਨੇ ਦੇਖੇ ਉਹ ਇਹ ਹਨ :

ਸ਼ਹੀਦ ਭਗਤ ਸਿੰਘ ਨੇ ਭਾਰਤੀ ਆਜ਼ਾਦੀ ਲਹਿਰਾਂ ਦੇ ਇਤਿਹਾਸ ਨੂੰ ਬੜੀ ਗਹਿਰਾਈ ਨਾਲ ਘੋਖਿਆ ਹੈ। ਅਥਾਹ ਕੁਰਬਾਨੀਆਂ ਬਾਦ ਵੀ ਸਫਲਤਾ ਤੋਂ ਦੂਰੀ ਨੇ ਉਨ੍ਹਾਂ ਅੱਗੇ ਇਹ ਸਵਾਲ ਖੜਾ ਕੀਤਾ ਕਿ ਇਸ ਸਫਲਤਾ ਨਾ ਪ੍ਰਾਪਤ ਕਰ ਸਕਣ ਦਾ ਕੀ ਕਾਰਨ ਹੈ। ਇਸ ਦੇ ਹੱਲ ਲਈ ਉਨ੍ਹਾਂ ਨੇ ਕੀ ਕੀਤਾ। ਸ਼ਹੀਦ ਭਗਤ ਦੇ ਸ਼ਬਦਾਂ ਵਿੱਚ ਹੀ, "ਅਧਿਐਨ ਕਰਨ ਦੇ ਅਹਿਸਾਨਾਂ ਦੀਆਂ ਤ੍ਰੰਗਾਂ ਮੇਰੇ ਮਨ ਵਿੱਚ ਉਭਰਦੀਆਂ ਰਹੀਆਂ, ਅਧਿਐਨ ਕਰ, ਤਾਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜੁਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿੱਚ ਦਲੀਲਾਂ ਨਾਲ ਆਪਣੇ ਆਪ ਨੂੰ ਅਸਤ੍ਰ ਕਰਨ ਲਈ ਅਧਿਐਨ ਕਰ। ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ।... ਸਭ ਤੋਂ ਅਹਿਮ ਗੱਲ ਇਹ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ ਉਸਦਾ ਸਪੱਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ," ਇਸ ਸੰਕਲਪ ਨੂੰ ਬਣਾਉਣ ਲਈ ਸ਼ਹੀਦ ਭਗਤ ਸਿੰਘ ਨੇ ਭਾਰਤੀ ਇਨਕਲਾਬੀ ਆਜ਼ਾਦੀ ਲਹਿਰਾਂ ਅਤੇ ਵੱਖ ਵੱਖ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਨੂੰ ਘੋਖਿਆ। ਇਸ ਦੇ ਨਤੀਜੇ

ਵੱਜੋਂ ਆਜ਼ਾਦ ਭਾਰਤ ਦਾ ਸੰਕਲਪ ਬਣਿਆ, ਸਮਾਜਵਾਦ ਸੋਸ਼ਲਿਜ਼ਮ। ਆਪਣੀ ਪਾਰਟੀ ਦਾ ਨਾਂ ਹਿੰਦੋਸਤਾਨ ਰੀਪਬਲੀਕਨ ਪਾਰਟੀ ਤੋਂ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਪਾਰਟੀ ਕਰ ਦਿੱਤਾ। ਉਸ ਦਾ ਮੁੱਖ ਉਦੇਸ਼ ਸੋਸ਼ਲਿਸਟ ਭਾਰਤ ਸਥਾਪਨਾ ਹੋ ਗਿਆ।

ਅੱਜ ਇਨਕਲਾਬ ਤੇ ਸੋਸਲਿਸ਼ਟ ਹੀ ਦੋ ਅਜੇਹੇ ਲਫਜ਼ ਹਨ ਜਿਨ੍ਹਾਂ ਦੀ ਸੰਕਲਪ ਰਹਿਤ ਵਰਤੋਂ ਕਰਕੇ ਖੁਦਗਰਜ਼ ਨੇਤਾਵਾਂ ਨੇ ਬਿਜਲੀ ਦੀ ਤੇਜ਼ੀ ਵਾਲੇ ਅਕੀਦੇ ਮਹਿਜ਼ ਬੇਜਾਨ ਲਫਜ਼ ਬਣਾ ਦਿੱਤੇ ਹਨ। ਪਰ ਸ਼ਹੀਦ ਭਗਤ ਸਿੰਘ ਇਸ ਗੱਲ ਤੋਂ ਚੇਤੰਨ ਸਨ। ਉਨ੍ਹਾਂ ਨੇ ਇਨ੍ਹਾਂ ਸੰਕਲਪਾਂ ਦੀ ਬੜੀ ਸਪੱਸ਼ਟਤਾ ਨਾਲ ਵਿਆਖਿਆ ਕੀਤੀ ਹੈ। ਜਿਵੇਂ ਭਵਿੱਖ ਦਾ ਸੰਘਰਸ਼ ਜਨਤਾ ਦਾ ਇਨਕਲਾਬ ਅਤੇ ਜਨਤਾ ਲਈ ਇਨਕਲਾਬ ਸਵਰਾਜ ੭੮ ਫੀਸਦੀ ਲੋਕਾਂ ਲਈ ਹੋਵੇ "ਸਵਰਾਜ ਜਿਸ ਨੂੰ ਸਿਰਫ ਲੋਕ ਪ੍ਰਾਪਤ ਹੀ ਨਹੀਂ ਕਰਨਗੇ ਸਗੋਂ ਉਹ ਹੋਵੇਗਾ ਵੀ ਉਨ੍ਹਾਂ ਦਾ ਹੀ।"

ਆਉਣ ਵਾਲੇ ਇਨਕਲਾਬ ਦਾ ਅਰਥ ਸਿਰਫ ਹਾਕਮਾਂ ਦੀ ਤਬਦੀਲੀ ਹੀ ਨਹੀਂ ਹੋਵੇਗਾ ਸਗੋਂ ਇਕ ਬਿਲਕੁਲ ਨਵੇਂ ਢਾਂਚੇ ਅਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਕਰਨਾ ਹੋਵੇਗਾ ਉਨ੍ਹਾਂ ਬਾਰ ਬਾਰ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਬੰਬਾਂ ਤੇ ਪਸਤੌਲ ਵਾਲਾ ਆਦਮੀ ਹੀ ਇਨਕਲਾਬੀ ਹੋਵੇ।

ਇਸੇ ਤਰ੍ਹਾਂ ਆਪਣੇ ਸੰਕਲਪ ਦੀ ਵਿਆਖਿਆ ਅਸੈਂਬਲੀ ਬੰਬ ਕੇਸ ਵਿਚ ਕਰਦੇ ਹੋਏ ਉਨ੍ਹਾਂ ਕਿਹਾ ਸੀ, "ਇਨਕਲਾਬ ਵਾਸਤੇ ਖ਼ੂਨੀ ਲੜਾਈਆਂ ਜ਼ਰੂਰੀ ਨਹੀਂ ਹਨ। ਅਤੇ ਨਾ ਹੀ ਇਸ ਵਿਚ ਨਿੱਜੀ ਬਦਲੇ ਲਈ ਕੋਈ ਥਾਂ ਹੈ। ਇਨਕਲਾਬ ਤੋਂ ਸਾਡਾ ਭਾਵ ਹੈ ਕਿ ਨੰਗੇ ਅਨਿਆਂ ਉੱਤੇ ਟਿਕਿਆ ਹੋਇਆ ਮੌਜੂਦਾ ਢਾਂਚਾ ਜ਼ਰੂਰ ਬਦਲਣਾ ਚਾਹੀਦਾ ਹੈ।...ਇਸ ਭਿਅੰਕਰ ਨਾ ਬਰਾਬਰੀ ਤੇ ਬਦੋਬਦੀ ਠੋਸੇ ਗਏ ਭੇਦ ਭਾਵ ਦਾ ਨਤੀਜਾ ਹਫੜਾ ਦਫੜੀ ਹੋਵੇਗਾ—ਸੋ ਇਕ ਬੁਨਿਆਦੀ ਤਬਦੀਲੀ ਦੀ ਲੋੜ ਹੈ। ਜਿਹੜੇ ਇਸ ਗੱਲ ਨੂੰ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਫਰਜ਼ ਹੈ ਕਿ ਸਮਾਜਵਾਦ ਤੇ ਅਧਾਰਿਤ ਸਮਾਜ ਦਾ ਪੁਨਰ ਗੰਠਨ ਤੇ ਪੁਨਰ ਨਿਰਮਾਣ ਕਰਨ ਜਦ ਤੱਕ ਇਹ ਨਹੀਂ ਕੀਤਾ ਜਾਂਦਾ ਅਤੇ ਜਦੋਂ ਤੱਕ ਮਨੁੱਖ ਦੀ ਲੁੱਟ ਤੇ ਕੌਮਾਂ ਦੇ ਰਾਹੀਂ ਕੌਮਾਂ ਦੀ ਲੁੱਟ ਦਾ ਖਾਤਮਾ ਨਹੀਂ ਕੀਤਾ ਜਾਂਦਾ, ਮਨੁੱਖਤਾ ਦੇ ਸਿਰ ਤੇ ਮੰਡਲਾ ਰਹੇ ਦੁਖਾਂਤ ਅਤੇ ਖ਼ੂਨ ਖਰਾਬੇ ਨੂੰ ਰੋਕਿਆ ਨਹੀਂ ਜਾ ਸਕਦਾ—ਇਨਕਲਾਬ ਤੋਂ ਸਾਡਾ ਭਾਵ ਅੰਤ ਇਕ ਐਸੀ ਵਿਵਸਥਾ ਨੂੰ ਕਾਇਮ ਕਰਨਾ ਹੈ, ਜਿਸ ਨੂੰ ਇਸ ਤਰ੍ਹਾਂ ਚਕਨਾਚੂਰ ਹੋਣ ਦਾ ਖ਼ਤਰਾ ਨਾ ਹੋਵੇ ਅਤੇ ਜਿਸ ਵਿਚ ਕਿਰਤੀ ਮਜ਼ਦੂਰ ਵਰਗ ਦੀ ਸਰਦਾਰੀ ਨੂੰ ਮੰਨਿਆ ਜਾਵੇ।"

ਬੰਬ ਦੇ ਫਲਸਫੇ ਵਿਚ ਕਿਹਾ ਗਿਆ, "ਆਉ ਇਕ ਨਵੇਂ ਸਮਾਜ ਦੀ ਸਿਰਜਨਾ ਕਰੀਏ, ਜਿਸ ਵਿਚ ਆਰਥਿਕ ਅਨਿਆਂ ਅਸੰਭਵ ਹੋਵੇ!" ਕਿਹਾ ਸੀ, "ਅਸੀਂ ਐਲਾਨ ਕਰਦੇ ਹਾਂ ਕਿ ਇਕ ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤੱਕ ਚੱਲੇਗਾ ਜਦ ਤੱਕ ਚੰਦ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤ ਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ ਉਹ ਲੁਟੇਰੇ ਕੋਈ ਹੋਣ, ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ।"

ਆਜ਼ਾਦ ਦੇਸ਼ ਦੇ ਤੇ ਨਵੇਂ ਸਮਾਜ ਦੇ ਰੂਪ ਦੇ ਸੰਕਲਪ ਬਾਰੇ ਉਨ੍ਹਾਂ ਉਸੇ ਚਿੱਠੀ ਵਿਚ ਦਰਿੜਤਾ ਤੇ ਸਪੱਸ਼ਟਤਾ ਨਾਲ ਕਿਹਾ ਸੀ, "ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖ਼ਤਮ ਕਰਕੇ ਉਸ ਦੇ ਥਾਂ ਸਮਾਜਿਕ ਖੁਸ਼ਹਾਲੀ ਉੱਤੇ ਅਧਾਰਤ, ਨਵਾਂ ਸਮਾਜਕ ਢਾਂਚਾ ਨਹੀਂ ਉਸਰ ਜਾਂਦਾ ਜਦ ਤੱਕ ਹਰ ਤਰ੍ਹਾਂ ਦੀ ਲੁੱਟ-ਘਸੁੱਟ ਅਸੰਭਵ ਬਣਾ ਕੇ ਮਨੁੱਖਤਾ ਤੇ ਅਸਲ ਤੇ ਸਥਾਈ ਅਮਨ ਦੀ ਛਾਂ ਨਹੀਂ ਹੁੰਦੀ ਤਦ ਤੱਕ ਇਹ ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਤੇ ਅਟੱਲ ਇਰਾਦੇ ਨਾਲ ਲੜੀ ਜਾਏਗੀ।" ਅਗੇ ਕਿਹਾ,

"ਸਮਾਜਵਾਦੀ, ਪੂੰਜੀਵਾਦੀ ਲੁੱਟ ਕੁਝ ਦਿਨਾਂ ਦੀ ਖੇਡ ਹੈ। ਇਹ ਜੰਗ ਨਾ ਅਸਾਂ ਤੋਂ ਸ਼ੁਰੂ ਹੋਇਆ ਹੈ ਤੇ ਨਾ ਹੀ ਸਾਡੇ ਜੀਵਨ ਨਾਲ ਖ਼ਤਮ ਹੋਵੇਗਾ। ਇਹ ਤਾਂ ਇਤਿਹਾਸਕ ਕਾਰਨਾਂ ਤੇ ਆਲੇ ਦੁਆਲੇ ਪਸਰੇ ਹਾਲਤਾਂ ਦਾ ਜ਼ਰੂਰੀ ਨਤੀਜਾ ਹੈ। ਸਾਡੀ ਨਿਮਾਣੀ ਜਿਹੀ ਕੁਰਬਾਨੀ ਤਾਂ ਉਸ ਇਤਿਹਾਸਕ ਲੜੀ ਦੀ ਇਕ ਕੜੀ ਹੈ, ਜਿਸ ਨੂੰ ਜੋਤਿਨ ਦਾਸ ਦੀ ਬੇ-ਮਿਸਾਲ ਕੁਰਬਾਨੀ ਨੇ ਸ਼ਹੀਦ ਭਗਵਤੀ ਚਰਨ ਜੀ ਦੀ ਅਤੀ ਭਿਆਨਕ ਪਰ ਪਵਿੱਤਰ ਤੇ ਮਹਾਨ ਕੁਰਬਾਨੀ ਨੇ ਅਤੇ ਸਾਡੇ ਮਹਿਬੂਬ ਜਰਨਲ ਆਜ਼ਾਦ ਦੀ ਸ਼ਾਨਦਾਰ ਸ਼ਹਾਦਤ ਨੇ ਚਾਰ ਚੰਨ ਲਗਾਏ ਹਨ।"

### ਆਦਰਸ਼ ਦੀ ਪੂਰਤੀ ਵਿਚ ਰੁਕਾਵਟਾਂ

ਅਜ਼ਾਦ ਭਾਰਤ ਲਈ ਆਦਰਸ਼ਾਂ ਦੇ ਸੰਕਲਪ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਰੱਖੇ। ਉਹ ਉਨ੍ਹਾਂ ਦੀ ਇਤਿਹਾਸਕ ਤੇ ਵਿਗਿਆਨਕ ਸੋਚ ਦੀ ਉਪਜ ਸੀ। ਇਕ ਵਿਗਿਆਨਕ ਇਨਕਲਾਬੀ ਦੇ ਨਾਤੇ ਉਨ੍ਹਾਂ ਨੇ ਉਸਨੂੰ ਪ੍ਰਾਪਤ ਕਰਨ ਲਈ ਰਾਹ ਦਾ ਪੂਰੀ ਚੇਤਨਾ ਤੇ ਜ਼ੁੰਮੇਵਾਰੀ ਨਾਲ ਨਿਰੀਖਣ ਕੀਤਾ। ਭਾਰਤੀ ਸਮਾਜਕ ਢਾਂਚੇ ਵਿਚ ਉਹ ਕੀ ਗੱਲਾਂ ਹਨ ਜੋ ਇਸ ਆਦਰਸ਼ ਦੀ ਲੋਕ ਖੁਸ਼ਹਾਲੀ ਤੇ ਸਮਾਜਕ ਤਰੱਕੀ ਵਿਚ ਰੁਕਾਵਟ ਬਣਦੇ ਹਨ? ਉਨ੍ਹਾਂ ਦਾ ਜ਼ਿਕਰ ਸ਼ਹੀਦ ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਇਸ ਤਰ੍ਹਾਂ ਕੀਤਾ ਹੈ। 1926 ਦੇ ਹਿੰਦੂ ਮੁਸਲਮਾਨ ਦੰਗੇ ਦੇਖਣ ਬਾਅਦ ਨੌਜਵਾਨ ਭਾਰਤ ਸਭਾ ਦਾ ਜਨਮ ਹੋਇਆ ਸੀ। ਅਜੋਕੇ ਹਾਲਤ ਗੰਭੀਰਤਾ ਨਾਲ ਵਾਚਨ ਬਾਅਦ ਉਨ੍ਹਾਂ ਲਿਖਿਆ ਸੀ, "ਨਿਸ਼ਚੇ ਹੀ ਇਨਸਾਨ ਦੀ ਪਸ਼ੂਆਂ ਨਾਲੋਂ ਜ਼ਿਆਦਾ ਕਦਰ ਹੋਣੀ ਚਾਹੀਦੀ ਹੈ। ਪਰ ਭਾਰਤ ਵਿਚ ਪਵਿੱਤਰ ਪਸ਼ੂਆਂ ਦੇ ਨਾਂ ਤੇ ਇਕ ਦੂਜੇ ਦੇ ਸਿਰ ਪਾੜ ਦਿੱਤੇ ਜਾਂਦੇ ਹਨ। ਫਿਰਕਾਪ੍ਰਸਤੀ ਨੇ ਸਾਡੀ ਸੋਚ ਨੂੰ ਇਕ ਤੰਗ ਘੇਰੇ ਵਿਚ ਬੰਦ ਕਰ ਛੱਡਿਆ ਹੈ। ਜਦ ਕਿ ਬਾਕੀ ਦੁਨੀਆਂ ਦੇ ਨੌਜਵਾਨ ਕੌਮਾਂਤਰੀ ਪੱਧਰ ਤੇ ਸੋਚਦੇ ਹਨ।" ਪਰ ਇਸਦੇ ਨਾਲ ਹੀ ਸਮਾਜ ਦੇ ਦੂਸਰੇ ਸਿਰੇ ਤੇ ਆਦਰਸ਼ਵਾਦੀਆਂ ਬਾਰੇ ਉਨ੍ਹਾਂ ਲਿਖਿਆ, "ਕੁਝ ਆਲਸ ਤੇ ਨਿਕੰਮੇਪਣ ਨੂੰ ਅੰਤਰਰਾਸ਼ਟਰਵਾਦ ਦੇ ਬੁਰਕੇ ਵਿਚ ਛੁਪਾਂਦੇ ਹਨ।"

ਅੱਗੇ ਲਿਖਿਆ ਹੈ:

"ਮਜ਼ਬੀ ਵਹਿਮ ਤੇ ਤੁਅਸਬ ਕਟਰਵਾਦਤਾ—ਸਾਡੀ ਤਰੱਕੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਹਨ। ਇਹ ਹਮੇਸ਼ਾਂ ਸਾਡ ਰਾਹ ਵਿਚ ਰੋੜਾ ਸਾਬਤ ਹੁੰਦੇ ਹਨ। ਸਾਨੂੰ ਇਨ੍ਹਾਂ ਨੂੰ ਪਰੇ ਵਗਾਹ ਮਾਰਨਾ ਚਾਹੀਦਾ ਹੈ। ਜਿਹੜੀ ਚੀਜ਼ ਆਜ਼ਾਦ ਵਿਚਾਰਾਂ ਦੀ ਕਸਵੱਟੀ ਤੇ ਪੂਰੀ ਨਹੀਂ ਨਹੀਂ ਉਤਰਦੀ, ਅਵੱਸ਼ ਖਤਮ ਹੋ ਜਾਂਦੀ ਹੈ। ਹੋਰ ਕਈ ਅਜਿਹੀਆਂ ਕਮਜ਼ੋਰੀਆਂ ਹਨ। ਜਿਨ੍ਹਾਂ ਉਤੇ ਹਾਲੇ ਅਸੀਂ ਕਾਬੂ ਪਾਉਣਾ ਹੈ। ਵਿਦੇਸ਼ੀ ਹਾਕਮ ਹਿੰਦੂਆਂ ਸਿੱਖਾਂ ਦੀ ਕੱਟੜਤਾ ਤੇ ਪਿਛਾਂਹ ਖਿੱਚੂ ਨੀਤੀ ਮੁਸਲਮਾਨਾਂ ਦੇ ਤੁਅੱਸਬ ਅਤੇ ਆਮ ਕਰਕੇ ਸਾਰੇ ਫਿਰਕਿਆਂ ਦੀ ਤੰਗ ਦਿਲੀ ਦਾ ਫਾਇਦਾ ਉਠਾਉਂਦੇ ਹਨ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇਨਕਲਾਬੀ ਲਗਨ ਵਾਲੇ ਸਾਰੇ ਫਿਰਕਿਆਂ ਦੇ ਨੌਜਵਾਨਾਂ ਦੀ ਲੋੜ ਹੈ।" ਅੱਗੇ ਲਿਖਿਆ ਹੈ—

"ਸਾਡਾ ਅਸਲ ਸੰਘਰਸ਼ ਸਾਡੀਆਂ ਆਪਣੀਆਂ ਕਮਜ਼ੋਰੀਆਂ ਵਿਰੁੱਧ ਹੈ। ਜਿਨ੍ਹਾਂ ਦਾ ਲਾਭ ਸਾਡਾ ਦੁਸ਼ਮਣ ਵੀ ਉਠਾਉਂਦਾ ਹੈ। ਅਤੇ ਸਾਡੇ ਵਿੱਚੋਂ ਕਈ ਖੁਦਗਰਜ਼ ਲੋਕ ਵੀ।"

ਆਦਰਸ਼ ਪ੍ਰਾਪਤੀ ਲਈ ਗੁਣ :-

ਭਵਿੱਖ ਲਈ ਨਿਸ਼ਚਿਤ ਕੀਤੇ ਗਏ ਆਦਰਸ਼ ਤੇ ਸੰਕਲਪ ਦੀ ਪ੍ਰਾਪਤੀ ਲਈ ਕੁਝ ਮੂਲ ਗੁਣ ਵੀ ਭਗਤ ਸਿੰਘ ਨੇ ਆਖੇ, ਜਿਨ੍ਹਾਂ ਨੂੰ ਅਪਣਾਕੇ ਨੌਜਵਾਨ ਆਪਣਾ ਫਰਜ਼ ਅਦਾ ਕਰ ਸਕਦੇ ਹਨ। ਉਨ੍ਹਾਂ ਕਿਹਾ, "ਮਹਾਨ ਆਦਰਸ਼ ਦੀ ਠੀਕ ਠੀਕ ਪਹਿਚਾਣ ਹੋਣੀ ਚਾਹੀਦੀ ਹੈ। ਤੇ ਨੌਜਵਾਨੋਂ, ਜੇ ਹਿੰਮਤ ਕਰੋ ਤਾਂ ਮਨੁੱਖ ਮਹਾਨ ਬਣ ਸਕਦਾ ਹੈ। 'ਪਰ' ਇਹ ਨਾ ਹੋਵੇ ਕਿ ਇਕ ਵਕਤ ਤੁਸਾਂ ਧੀਰਜ ਤੇ ਹੋਸ਼ ਗਵਾ ਬੈਠੋ ਤੇ ਦੂਜੇ ਸਮੇਂ ਹੌਸਲਾ ਤੇ ਚੜ੍ਹਦੀ ਕਲਾ ਤੁਹਾਡਾ ਸਾਥ ਛੱਡ ਜਾਵੇ। ਦ੍ਰਿੜਤਾ ਤੇ ਧੀਰਜ ਨੂੰ ਆਪਣ ਹੱਡਾਂ ਵਿੱਚ ਰਚਾ ਲਾਉ। ਨੌਜਵਾਨਾਂ ਨੂੰ ਆਜ਼ਾਦ ਤੌਰ ਤੇ ਸੰਜੀਦਗੀ ਤੇ ਠਰੰਮੇ ਸੋਚਣਾ ਚਾਹੀਦਾ ਹੈ ਉਨ੍ਹਾਂ ਨੂੰ ਪਾਖੰਡੀ ਤੇ ਚਾਲਬਾਜ਼ ਲੋਕਾਂ ਤੋਂ ਖਬਰਦਾਰ ਰਹਿ ਕੇ ਜਥੇਬੰਦ ਹੋਣਾ ਚਾਹੀਦਾ ਹੈ।" ਬੰਬ ਦੀ ਫਿਲਾਸਫੀ ਲਿਖਤ ਵਿਚ ਕਿਹਾ ਗਿਆ ਸੀ, "ਇਨਕਲਾਬੀ ਦਲੀਲ ਨੂੰ ਮਹਾਨ ਸਮਝਦੇ ਹਨ। ਇਹ ਦਲੀਲ, ਸਿਰਫ ਦਲੀਲ ਨੂੰ ਮੰਨਦੇ ਹਨ। ਗਾਲੀ ਗਲੋਚ ਭਾਵੇਂ ਕਿੰਨੇ ਉੱਚੇ ਤੋਂ ਉੱਚੇ ਥਾਂ ਵਰ੍ਹੇ ਉਹ ਝਿੜਕਾ ਨਹੀਂ ਸਕਦਾ, ਇਨਕਲਾਬ ਕਿਸੇ ਤੁਹਮਤ ਬਾਜ਼ੀ ਤੋਂ ਜਾਂ ਹੈਂਕੜਬਾਜ਼ੀ ਤੋਂ ਘਬਰਾਉਣ ਵਾਲੀ ਚੀਜ਼ ਦਾ ਨਾਂ ਨਹੀਂ ਹੈ।" 'ਮੈਂ ਨਾਸਤਿਕ ਕਿਉਂ ਹਾਂ' ਲਿਖਤ ਵਿੱਚ ਉਨ੍ਹਾਂ ਕਿਹਾ "ਸਾਡਾ ਫਰਜ਼ ਹੈ ਕਿ ਸਭ ਮੁਸ਼ਕਲਾਂ ਤੋਂ ਬਾਅਦ ਵੀ ਦਲੀਲ ਤੇ ਤਰਕ ਭਰੀ ਜ਼ਿੰਦਗੀ ਜੀਵਿਏ" ਤੇ ਇਹ ਸਲਾਹ ਵੀ ਦਿਤੀ, "ਮੈਂ ਨੌਜਵਾਨ ਸਾਥੀਆਂ ਨੂੰ ਇਤਿਹਾਸਕ ਕੰਮਾਂ ਨੂੰ ਪੜ੍ਹਨ ਦੀ ਸਲਾਹ ਦਿਆਗਾ ਪਰ ਇਕ ਚਿਤਾਵਨੀ ਨਾਲ ਹੀ; ਪੜ੍ਹੋ, ਪਰ ਅੰਨੇਵਾਹ ਪਿਛੇ ਲੱਗਣ ਲਈ ਨਹੀਂ ਤੇ ਨਾ ਹੀ ਇਹ ਸਮਝੋ ਕਿ ਜੋ ਵੀ ਇਕ ਵਕਤ ਲਿਖਿਆ ਗਿਆ ਹੈ, ਉਹ ਅਟੱਲ ਹੈ—ਪੜ੍ਹੋ, ਘੋਖੋ ਵਿਚਾਰਾਂ ਤੋਂ ਫਿਰ ਇਸ ਦੀ ਮਦਦ ਨਾਲ ਆਪਣੇ ਵਿਚਾਰ ਬਣਾਉਣ ਦੀ ਕੋਸ਼ਿਸ਼ ਕਰੋ।" ਉਨ੍ਹਾਂ ਨੌਜਵਾਨਾਂ ਨੂੰ ਵੰਗਾਰਿਆ ਸੀ ਕਿ ਕੀ ਨੌਜਵਾਨ ਇਸ ਪ੍ਰਿਖਿਆ ਦੇ ਸਮੇਂ, ਜਦ ਸਮਾਜ ਸੰਕਟ ਵਿਚ ਹੋਵੇ, ਉਹ ਸੰਜੀਦਾ ਇਰਾਦਾ ਦਿਖਾਉਣ ਵਿਚ ਨਹੀਂ ਝਿਜਕਣਗੇ।

ਸਾਰੀ ਤਾਕਤ ਦਾ ਸੋਮਾ ਮਨੁੱਖ ਤੇ ਮਨੁੱਖਤਾ ਨੂੰ ਪਿਆਰ ਦਸਦੇ ਹੋਏ ਉਨ੍ਹਾਂ ਕਿਹਾ ਸੀ "ਅਸੀਂ ਮਨੁੱਖੀ ਜੀਵਨ ਨੂੰ ਬੜਾ ਪਵਿੱਤਰ ਮੰਨਦੇ ਹਾਂ। ਤੇ ਉਸਦੇ ਸੁਨਿਹਰੀ ਭਵਿੱਖ ਦਾ ਸੁਪਨਾ ਵੇਖਦੇ ਹਾਂ। ਮਨੁੱਖਤਾ ਨੂੰ ਪਿਆਰ ਕਰਨ ਵਿੱਚ ਅਸੀਂ ਕਿਸੇ ਤੋਂ ਪਿਛੇ ਨਹੀਂ ਹਾਂ। ਕਿਸੇ ਇਕ ਵਿਅਕਤੀ ਦੇ ਵਿਰੁੱਧ ਰੋਸ ਰੱਖਣ ਦਾ ਤਾਂ ਸਵਾਲ ਹੀ ਨਹੀਂ...ਕਿਸੇ ਹੋਰ ਨੂੰ ਜ਼ਖਮੀ ਕਰਨ ਦੀ ਬਜਾਏ ਛੇਤੀ ਹੀ ਅਸੀ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ" ਤੇ ਇਹ ਠੋਸ ਸਚਾਈ ਦਿਰੜਾਈ, "ਇਨ-ਕਲਾਬੀ ਆਪਣੇ ਮਨੁੱਖੀ ਪਿਆਰ ਦੇ ਗੁਣਾਂ ਕਰਕੇ ਮਨੁੱਖ ਦੇ ਪੁਜਾਰੀ ਹਨ। ਇਕ ਸਦੀਵੀ ਤੇ ਸੱਚੇ ਅਮਨ ਨੂੰ ਚਹੁੰਦੇ ਜਿਸ ਦੀਆਂ ਨੀਹਾਂ ਇਨਸਾਫ ਤੇ ਬਰਾਬਰੀ ਤੇ ਟਿਕਿਆ ਹੋਣ। ਅਸੀਂ ਝੂਠ ਤੇ ਦਿਖਾਵੇਂਭਰੇ ਅਮਨ ਦੇ ਹਾਮੀ ਨਹੀਂ ਜਿਹੜਾ ਬੁਜ਼ਦਿਲੀ ਤੋਂ ਉਪਜਦਾ ਹੈ ਅਤੇ ਨੇਜ਼ਿਆ ਤੇ ਬੰਦਸ਼ਾਂ ਦੇ ਸਹਾਰੇ ਜਿਉਂਦਾ ਹੈ।"

ਅੱਜ ਜਦ ਚਾਰੇ ਪਾਸੇ ਗਹਿਰਾ ਆਤਮਕ, ਆਰਥਕ, ਸਮਾਜਿਕ ਤੇ ਰਾਜਨੀਤਕ ਸੰਕਟ ਫੈਲਿਆ ਹੈ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂਦਾ ਪੈਗਾਮ ਸਾਡੇ ਲਈ ਵੰਗਾਰ ਹੈ। ਅੱਜ ਉਹ ਪੁੱਛ ਰਹੇ ਹਨ, ਤੁਸੀਂ ਸਾਡੇ ਸੰਕਲਪ ਕੀਤੇ ਸਮਾਜ ਲਈ ਕੀ ਕੀਤਾ ? ਸਾਨੂੰ ਇਸ ਦਾ ਜੁਆਬ ਦੇਣ ਜੋਗ ਹੋਣਾ ਚਾਹੀਦਾ ਹੈ। ●●


**The shop where you can get all kinds of Fabrics!**

**PRINCE FABRICS**
**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

* *We make to measure Salwar - Kamiz - Lehnga*

* *Also in gents wear Pants, Shirts, Coats, etc.*

* *Mail order accepted*

# ASIA IMPORT HOUSE

EDMONTON



▼SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

**PHONE: 439-4159 or 439-5261, FOR OUT OF TOWN ORDERS**

**▼ LISTENER'S CHOICE:**

**INDIAN RECORDS, TAPES, VIDEO FILMS & VIDEO RECORDERS**

**FOR FRIENDLY SERVICE — VISIT US...**

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

# ਵੈਨਕੂਵਰ ਸੱਥ ਦਾ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ

**ਅਮਰਜੀਤ ਚਾਹਲ**

ਵੈਨਕੂਵਰ ਸ਼ੱਥ ਨੇ 11 ਮਾਰਚ 1984 ਨੂੰ ਸੈਕਸਮਿਥ ਕਮਿਊਨਿਟੀ ਸਕੂਲ ਵਿਚ ਆਪਣਾ ਪਹਿਲਾ ਸਾਹਿਤਕ ਅਤੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਵਿਚ ਗੀਤ, ਕਵਿਤਾਵਾਂ, ਭੰਗੜਾ ਅਤੇ ਦੋ ਡਰਾਮੇ ਪੇਸ਼ ਕੀਤੇ ਗਏ।

ਪ੍ਰੋਗਰਾਮ, ਉਦਾਸੀ ਦੇ ਗੀਤਾਂ 'ਤੇ ਅਧਾਰਤ ਅਗਾਂਹਵਧੂ ਭੰਗੜੇ ਨਾਲ ਸ਼ੁਰੂ ਹੋਇਆ। ਉਸ ਤੋਂ ਬਾਅਦ ਯੂਜੀਨ ਪੋਤੀਏ ਦਾ ਲਿਖਿਆ ਇੰਟਰਨੈਸ਼ਨਲ ਤੀਰਥ ਬੈਂਸ, ਸੱਜਣ ਬੈਂਸ, ਪਾਲ ਬਿਨਿੰਗ, ਮਨਜੀਤ ਪਾਬਲਾ ਅਤੇ ਕਮਲਜੀਤ ਚੌਹਲ ਨੇ ਜੋਸ਼ੀਲੀਆਂ ਅਤੇ ਸੁਰੀਲੀਆਂ ਅਵਾਜ਼ਾਂ ਵਿਚ ਗਾਇਆ। ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ, ਸੁਰਜੀਤ ਕਲਸੀ ਅਤੇ ਮਹਿੰਦਰ ਸੂਮਲ ਤੇ ਅਜਮੇਰ ਰੋਡੇ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ

ਸਾਧੂ ਨੇ ਵੈਨਕੂਵਰ ਸੱਥ ਦਾ ਸੰਦੇਸ਼ ਪੜ੍ਹਿਆ। ਇਸ ਸੁਨੇਹੇ ਵਿਚ ਸੱਥ ਦੇ ਹੋਂਦ ਵਿਚ ਆਉਣ ਬਾਰੇ ਜਾਣਕਾਰੀ ਤੇ ਸੱਥ ਦੇ ਮੰਤਵਾਂ 'ਤੇ ਚਾਨਣਾ ਪਾਇਆ। ਸੱਥ ਦੇ ਇਸ ਸੁਨੇਹੇ ਵਿਚ ਪੰਜਾਬ ਦੀ ਮੌਜੂਦਾ ਹਾਲਤ ਉਪਰ ਵੀ ਵਿਚਾਰ ਕੀਤਾ ਗਿਆ ਤੇ ਇਸ ਸਬੰਧ ਵਿਚ ਸੱਥ ਵਲੋਂ ਪੇਸ਼ ਕੀਤੇ ਜਾ ਰਹੇ ਦੋ ਡਰਾਮਿਆਂ ਦੀ ਮਹੱਤਤਾ ਦੱਸੀ।

ਪ੍ਰੋਗਰਾਮ ਵਿਚ ਪੇਸ਼ ਪਹਿਲਾ ਨਾਟਕ 'ਪੰਜਾਬ ਦੀ ਅਵਾਜ਼' ਮੱਖਣ ਟੁੱਟ ਦਾ ਲਿਖਿਆ ਹੋਇਆ ਸੀ। ਇਹ ਨਾਟਕ ਪ੍ਰੋਗਰਾਮ ਤੋਂ ਸਿਰਫ ਇਕ ਹਫਤਾ ਪਹਿਲਾਂ ਲਿਖਿਆ ਗਿਆ। ਮੌਜੂਦਾ ਪੰਜਾਬ ਵਿਚ ਜੋ ਕੁਝ ਦੋਨਾਂ ਪਾਸਿਆਂ ਤੋਂ ਧਾਰਮਿਕ ਜਨੂੰਨੀ ਕਰ ਰਹੇ ਹਨ, ਨੂੰ ਇਸ ਡਰਾਮੇ ਵਿਚ ਪੂਰੀ ਤਰ੍ਹਾਂ ਨੰਗਿਆਂ ਕੀਤਾ ਗਿਆ। ਇਹ ਨਾਟਕ ਇਕੱਲੇ ਭਾਰਤ ਵਿਚਲੇ ਪੰਜਾਬ ਦੀ ਹੀ ਗੱਲ ਨਹੀਂ ਕਰਦਾ ਬਲਕਿ ਪ੍ਰਵਾਸੀ ਪੰਜਾਬੀਆਂ ਦੀਆਂ ਸੁਤੀਆਂ ਰੂਹਾਂ ਨੂੰ ਵੀ ਝੰਜੋੜਦਾ ਹੈ। ਜੋ ਲੋਕ 'ਧਰਮ ਨੂੰ ਖਤਰਾ' ਦਾ ਨਾਹਰਾ ਮਾਰਦੇ ਹਨ ਉਹਨਾਂ ਨੂੰ ਲਲਕਾਰ ਕੇ ਲੇਖਕ ਕਹਿੰਦਾ ਹੈ :

ਨਾ ਇਥੇ ਧਰਮ ਨੂੰ ਖਤਰਾ
ਨਾ ਇਥੇ ਕਰਮ ਨੂੰ ਖਤਰਾ
ਉਨ੍ਹਾਂ ਨੇ ਪੈਦਾ ਕੀਤੇ ਖਤਰੇ
ਜਿਨ੍ਹਾਂ ਨੂੰ ਚੋਣਾਂ ਹਾਰਨ ਦਾ ਖਤਰਾ।

ਇਸ ਨਾਟਕ ਵਿਚ ਮੁੱਖ ਭੂਮਿਕਾ ਵੀ ਮੱਖਣ ਟੁੱਟ ਨੇ ਬੜੀ ਸਫਲਤਾ ਨਾਲ ਨਿਭਾਈ। ਜਨੂੰਨੀ ਸਿੱਖਾਂ ਦੇ ਰੋਲ ਵਿਚ ਇੰਦਰਜੀਤ ਰੋਡੇ ਅਤੇ ਸੁਖਵੰਤ ਹੁੰਦਲ ਖੂਬ ਰਹੇ। ਗੁਰਚਰਨ ਟੱਲੇਵਾਲੀਆ ਅਤੇ ਬਲਵਿੰਦਰ ਰੋਡੇ ਨੇ ਜਨੂੰਨੀ ਹਿੰਦੂਆਂ ਦੇ ਕਿਰਦਾਰ ਨੂੰ ਖੂਬਸੂਰਤੀ ਨਾਲ ਸਟੇਜ ਉਪਰ ਰੂਪਮਾਨ ਕੀਤਾ।

ਪਹਿਲੇ ਨਾਟਕ ਤੋਂ ਬਾਅਦ ਸੁਖਵੰਤ ਹੁੰਦਲ ਨੇ 'ਪ੍ਰੀਤਲੜੀ' ਦੇ ਸੰਪਾਦਕ ਸੁਮੀਤ ਸਿੰਘ ਦੇ ਕਤਲ ਦੀ ਨਿਖੇਧੀ ਦਾ ਮਤਾ ਸੱਥ ਵਲੋਂ ਪੇਸ਼ ਕੀਤਾ ਹੈ। ਇਸ ਮਤੇ ਵਿਚ ਕਿਹਾ ਗਿਆ ਕਿ ਇਹ ਕਤਲ ਪਰੈਸ ਦੀ ਆਜ਼ਾਦੀ ਦਾ ਕਤਲ ਹੈ।

ਅਗਲਾ ਡਰਾਮਾ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਹੋਰਾਂ ਦਾ ਲਿਖਿਆ ਹੋਇਆ 'ਇਕ ਮੋਰਚਾ, ਇਕ ਕੁਰਸੀ, ਅਤੇ ਹਵਾ ਵਿਚ ਲਟਕਦੇ ਲੋਕ' ਸੀ। ਇਸ ਨਾਟਕ ਵਿਚ ਸਿਆਸੀ ਤੇ ਧਾਰਮਿਕ ਲੁਟੇਰਿਆਂ ਦਾ ਪਾਜ ਉਘਾੜਿਆ ਗਿਆ ਹੈ। ਇਕ ਨਾਟਕ ਬੜੇ ਸਾਫ ਤਰੀਕੇ ਨਾਲ ਇਹ ਗੱਲ ਸਰੋਤਿਆਂ ਸਾਹਮਣੇ ਰੱਖਦਾ ਹੈ ਕਿ ਕਿਵੇਂ ਇਹ ਸਿਆਸੀ ਤੇ ਧਾਰਮਿਕ ਲੀਡਰ ਆਪਣੀਆਂ ਕੁਰਸੀਆਂ ਤੇ ਮੰਜੀਆਂ ਨੂੰ ਬਚਾਈ ਰੱਖਣ ਲਈ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਇਹਨਾਂ ਦੀਆਂ ਇਨ੍ਹਾਂ ਚਾਲਾਂ ਸਦਕਾ ਹੀ ਮਾੜੇ ਹਾਲਾਤ ਉਤਪਨ ਹੁੰਦੇ ਹਨ ਜਿਵੇਂ ਕਿ ਅੱਜ ਪੰਜਾਬ ਵਿਚ ਹੋ ਰਿਹਾ ਹੈ। ਇਸ ਨਾਟਕ ਨੂੰ ਪੇਸ਼ ਕਰਨ ਵਾਲੇ ਸਨ ਇੰਦਰਜੀਤ ਰੋਡੇ, ਮੱਖਣ ਟੁੱਟ, ਪਾਲ ਬਿਨਿੰਗ, ਬਲਵਿੰਦਰ ਰੋਡੇ, ਭਵਖੰਡਨ ਤੇ ਸੁਖਵੰਤ ਹੁੰਦਲ। ਇਕ ਦੋਂਹ ਕਲਾਕਾਰਾਂ ਤੋਂ ਬਿਨਾਂ ਹੋਰ ਕਿਸੇ ਦਾ ਵੀ ਸਟੇਜ ਉਪਰ ਕੋਈ ਤਜਰਬਾ ਨਹੀਂ ਸੀ। ਇਸ ਦੇ ਬਾਵਜੂਦ ਇਹਨਾਂ ਕਲਾਕਾਰਾਂ ਨੇ ਆਪੋ ਆਪਣੇ ਪਾਤਰਾਂ ਨੂੰ ਪੂਰੀ ਸਫਲਤਾ ਨਾਲ ਲੋਕਾਂ ਸਾਹਮਣੇ ਪੇਸ਼ ਕੀਤਾ।

ਇਹਨਾਂ ਨਾਟਕਾਂ ਦੀ ਤਿਆਰੀ ਸਮੇਂ ਸੱਥ ਦੇ ਮੈਂਬਰਾਂ ਨੇ ਕੁਝ ਇਕ ਤਜਰਬੇ ਕੀਤੇ। ਨਾਟਕਾਂ ਦਾ ਕੋਈ ਇਕ ਡਾਇਰੈਕਟਰ ਨਹੀਂ ਸੀ। ਸਾਰੇ ਕਲਾਕਾਰਾਂ ਨੇ ਆਪੋ ਆਪਣੇ ਪਾਤਰਾਂ ਨੂੰ ਖੁਦ ਹੀ ਉਸਾਰਿਆ। ਇਸੇ ਤਰ੍ਹਾਂ ਨਾਟਕ ਲਈ ਲੋੜੀਂਦੀਆਂ ਚੀਜ਼ਾਂ ਦਾ ਪ੍ਰਬੰਧ ਹਰ ਕਲਾਕਾਰ ਨੇ ਖੁਦ ਹੀ ਆਪਣੀ ਜ਼ਿੰਮੇਵਾਰੀ ਸਮਝਦਿਆਂ ਕੀਤਾ। ਸਟੇਜ ਸੈਟਿੰਗ ਤੋਂ ਲੈ ਕੇ ਹਾਲ ਵਿਚ ਕੁਰਸੀਆਂ ਰੱਖਣ ਤੇ ਚੱਕਣ ਤੱਕ ਸਾਰੀਆਂ ਜ਼ਿੰਮੇਵਾਰੀਆਂ ਸਾਰੇ ਮੈਂਬਰਾਂ ਨੇ ਰਲ ਕੇ ਨਿਭਾਈਆਂ।

ਪ੍ਰੋਗਰਾਮ ਦੇ ਅਖੀਰ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਤੇ ਬੱਚਿਆਂ ਵਲੋਂ ਭੰਗੜਾ ਪੇਸ਼ ਕੀਤਾ ਗਿਆ। ਇਹਨਾਂ ਬੱਚਿਆਂ ਦੀ ਉਮਰ ਸੱਤ ਤੋਂ ਗਿਆਰਾਂ ਸਾਲਾਂ ਦੀ ਸੀ। ਪਾਲ ਬਿਨਿੰਗ ਛੋਟੀ ਉਮਰ ਦੇ ਬੱਚਿਆਂ ਵਿਚ ਪੰਜਾਬੀ ਲੋਕ ਨਾਚ ਦੀ ਰੁਚੀ ਪੈਦਾ ਕਰਨ ਲਈ ਵਧਾਈ ਦਾ ਹੱਕਦਾਰ ਹੈ।

ਸਟੇਜ ਸਕੱਤਰ ਦੀ ਜ਼ਿੰਮੇਵਾਰੀ ਜਗਦੀਸ਼ ਬਿਨਿੰਗ ਨੇ ਬੜੀ ਸੁਚੱਜਤਾ ਨਾਲ ਨਿਭਾਈ।

ਪ੍ਰੋਗਰਾਮ ਦੇ ਦੌਰਾਨ ਸਟੇਜ ਉਪਰ ਲਾਈਟ ਤੇ ਸਾਊਂਡ ਦੇ ਪ੍ਰਬੰਧ ਵਿਚ ਕਾਫੀ ਕਮੀ ਰਹੀ ਖਾਸ ਕਰ ਸਾਊਂਡ ਵਿਚ। ਇਸ ਦੇ ਨਾਲ ਹੀ ਚੰਗਾ ਹੁੰਦਾ ਜੇ ਸੱਥ ਬੱਚਿਆਂ ਦੀ ਦੇਖ ਭਾਲ ਲਈ ਇਕ ਵੱਖਰੇ ਕਮਰੇ ਦਾ ਪ੍ਰਬੰਧ ਕਰ ਸਕਦੀ।

ਵੈਨਕੂਵਰ ਸੱਥ ਦੇ ਇਸ ਸਾਹਿਤਕ ਤੇ ਸਭਿਆਚਾਰਕ ਪ੍ਰੋਗਰਾਮ ਨੂੰ ਦੇਖ ਕੇ ਲੋਕਾਂ ਨੇ ਅੱਗੋਂ ਲਈ ਵੀ ਅਜੇਹੇ ਪ੍ਰੋਗਰਾਮਾਂ ਦੀ ਆਸ ਰੱਖੀ ਹੈ। ਇਸ ਸੁਚੱਜੇ ਪ੍ਰੋਗਰਾਮ ਲਈ ਵੈਨਕੂਵਰ ਸੱਥ ਵਧਾਈ ਦੀ ਹੱਕਦਾਰ ਹੈ।

# ਵੈਨਕੂਵਰ ਸੱਥ ਦੇ ਪ੍ਰੋਗਰਾਮ ਤੇ ਪੜ੍ਹਿਆ ਗਿਆ ਸੁਨੇਹਾ

ਵੈਨਕੂਵਰ ਤੇ ਆਸ ਪਾਸ ਦੇ ਇਲਾਕਿਆਂ ਵਿਚ ਪੰਜਾਬੀਆਂ ਦੀ ਕੁੱਲ ਕਾਫੀ ਗਿਣਤੀ ਰਹਿ ਰਹੀ ਹੈ। ਭਾਵੇਂ ਹੋਰਨਾਂ ਲੋਕਾਂ ਵਾਂਗ ਪੰਜਾਬੀਆਂ ਦਾ ਵੀ ਇਥੇ ਆਉਣ ਦਾ ਕਾਰਨ ਆਰਥਿਕ ਹੈ ਤੇ ਲੋਕ ਆਪੋ ਆਪਣੀ ਰੋਜ਼ੀ ਕਮਾਉਣ ਦੇ ਆਹਰ ਵਿਚ ਆਪਣਾ ਬਹੁਤਾ ਸਮਾਂ ਲਾਉਂਦੇ ਹਨ ਪਰ ਫੇਰ ਵੀ ਉਹਨਾਂ ਨੂੰ ਪੂਰੀ ਮਾਨਸਿਕ ਤਸੱਲੀ ਉਦੋਂ ਹੀ ਹੁੰਦੀ ਹੈ ਜਦੋਂ ਉਹ ਆਪਣੇ ਲੋਕਾਂ ਵਿਚ ਬਹਿ ਆਪਣੀ ਬੋਲੀ ਵਿਚ ਗੱਪਛੱਪ ਮਾਰ ਰਹੇ ਹੋਣ। ਜਿਸ ਸਭਿਆਚਾਰ ਵਿਚ ਬੰਦਾ ਆਪਣਾ ਬਚਪਨ ਬਿਤਾਉਂਦਾ ਹੈ ਤੇ ਮਾਂ ਬੋਲੀ ਹਮੇਸ਼ਾਂ ਬੰਦੇ ਦੇ ਜੀਵਨ ਦਾ ਅਤੁੱਟ ਅੰਗ ਰਹਿੰਦੇ ਹਨ ਭਾਵੇਂ ਉਹ ਬੰਦਾ ਦੁਨੀਆਂ ਦੇ ਕਿਸੇ ਹਿੱਸੇ ਵਿਚ ਜਾ ਕੇ ਵਸਣਾ ਸ਼ੁਰੂ ਕਰ ਦੇਵੇ। ਤੇ ਜਦੋਂ ਇਕ ਬੋਲੀ ਬੋਲਣ ਵਾਲੇ ਤੇ ਸਾਂਝੇ ਸਭਿਆਚਾਰ ਵਾਲੇ ਲੋਕ ਇਕ ਥਾਂ ਤੋਂ ਦੂਜੀ ਥਾਂ ਜਾ ਕੇ ਵੱਸਣਾ ਸ਼ੁਰੂ ਕਰ ਦੇਣ ਉਹ ਹਮੇਸ਼ਾਂ ਆਪਣੇ ਵਿਰਸੇ ਨੂੰ ਸਾਂਭਣ ਲਈ ਆਪਣਾ ਪੂਰਾ ਯਤਨ ਕਰਦੇ ਹਨ।

ਜਿਵੇਂ ਕਿ ਆਪਾਂ ਦੇਖਦੇ ਹਾਂ ਕਿ ਦੂਜੇ ਲੋਕਾਂ ਵਾਂਗ ਇਥੇ ਪੰਜਾਬੀਆਂ ਦੀਆਂ ਵੀ ਹਰ ਕਿਸਮ ਦੀਆਂ ਸਭਿਆਚਾਰ ਸਿਆਸੀ, ਧਾਰਮਿਕ ਤੇ ਸਾਹਿਤਕ ਸਰਗਰਮੀਆਂ ਹੁੰਦੀਆਂ ਰਹਿੰਦੀਆਂ ਹਨ। ਇਹਨਾਂ ਸਰਗਰਮੀਆਂ ਦੀ ਤੋਰ ਲਗਾਤਾਰ ਜਾਰੀ ਰਹਿੰਦੀ ਹੈ ਭਾਵੇਂ ਇਹਦੇ ਵਿਚ ਸੰਸਥਾਵਾਂ ਦੀ ਤੇ ਸੰਸਥਾਵਾਂ ਵਿਚ ਕੰਮ ਕਰਦੇ ਵਿਅਕਤੀਆਂ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਨਵਾਂ ਵਿਅਕਤੀ ਸਰਗਰਮੀ ਨਾਲ ਹਿਸਾ ਸ਼ੁਰੂ ਕਰਦੇ ਹਨ ਪੁਰਾਣੇ ਆਪੋ ਆਪਣੇ ਕਾਰਨਾਂ ਕਰਕੇ ਘੱਟ ਸਰਗਰਮ ਹੋ ਜਾਂਦੇ ਹਨ। ਇਸੇ ਤਰ੍ਹਾਂ ਕਈ ਜਥੇਬੰਦੀਆਂ ਘੱਟ ਸਰਗਰਮ ਹੋ ਜਾਂਦੀਆਂ ਹਨ ਤੇ ਹੋਰ ਨਵੀਆਂ ਜਨਮ ਲੈਂਦੀਆਂ ਹਨ। ਵੈਨਕੂਵਰ ਸੱਥ ਵੀ ਕਿਸੇ ਤੋਰ ਦਾ ਇਕ ਹਿਸਾ ਹੈ। ਨਾ ਤਾਂ ਇਹ ਇਥੋਂ ਦੀ ਪੰਜਾਬੀ ਕਮਿਊਨਿਟੀ ਵਿਚ ਬਣੀ ਕੋਈ ਪਹਿਲੀ ਸੰਸਥਾ ਹੈ ਤੇ ਨਾ ਹੀ ਇਹ ਆਖਰੀ ਹੋਵੇਗੀ। ਕਈ ਹੋਰ ਸੰਸਥਾਵਾਂ ਵਾਂਗ ਸਾਡਾ ਵੀ ਇਹ ਟੀਚਾ ਹੈ ਕਿ ਪੰਜਾਬੀ ਬੋਲੀ ਤੇ ਸਭਿਆਚਾਰ ਲਈ ਕੁਝ ਵਧੀਆਂ ਕੀਤਾ ਜਾਵੇ, ਲੋਕਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਬਾਰੇ ਸੋਚਿਆ ਜਾਵੇ ਤੇ ਹੱਲ ਦੀ ਤਲਾਸ਼ ਕੀਤੀ ਜਾਵੇ। ਸੱਥ ਜੇ ਕਿਸੇ ਤਰ੍ਹਾਂ ਵੱਖਰੀ ਹੈ ਤਾਂ ਸਿਰਫ ਇਸ ਪੱਖੋਂ ਕਿ ਇਹ ਸਿਰਫ ਇਕ ਸਭਿਆਚਾਰਕ, ਸਾਹਿਤਕ ਜਾਂ ਸਿਆਸੀ ਸੰਸਥਾ ਨਹੀਂ ਸਗੋਂ ਇਹ ਇਹਨਾਂ ਸਾਰੀਆਂ ਚੀਜ਼ਾਂ ਦਾ ਸੁਮੇਲ ਹੈ। ਦੂਜੀ ਵੱਖਰੀ ਗੱਲ ਸ਼ਾਇਦ ਇਸਦੇ ਢਾਂਚੇ ਦੀ ਹੈ। ਇਸ ਵਿਚ ਕੋਈ ਅਹੁਦੇਦਾਰੀ ਦਾ ਢਾਂਚਾ ਨਹੀਂ। ਕੋਈ ਪ੍ਰਧਾਨ, ਉਪ ਪ੍ਰਧਾਨ, ਚੇਅਰਮੈਨ ਜਾਂ ਸੈਕਟਰੀ ਵਗੈਰਾ ਨਹੀਂ। ਸਾਰੇ ਮੈਂਬਰ ਇਕੋ ਜਿਹਾ ਦਰਜਾ ਰੱਖਦੇ ਹਨ ਤੇ ਆਪੋ ਆਪਣੀ ਵਿਤ ਮੁਤਾਬਕ ਈਮਾਨਦਾਰੀ ਨਾਲ ਆਪਣਾ ਯੋਗਦਾਨ ਪਾਉਂਦੇ ਹਨ।

ਵੈਨਕੂਵਰ ਸੱਥ ਵਲੋਂ ਇਹ ਪਹਿਲਾ ਪਬਲਿਕ ਫੰਕਸ਼ਨ ਹੈ ਉਂਝ ਸੱਥ ਹੋਂਦ ਵਿਚ ਭਾਵੇਂ ਕੁਝ ਦੇਰ ਪਹਿਲਾਂ ਦੀ ਆ ਚੁਕੀ ਹੈ। ਇਸ ਮੌਕੇ ਤੇ ਅਸੀਂ ਹੋਰ ਸੰਸਥਾਵਾਂ ਪ੍ਰਤੀ ਆਪਣਾ ਰਵੱਈਆ ਸਾਫ ਕਰ ਦੇਣਾ ਚਾਹੁੰਦੇ ਹਾਂ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਵੈਨਕੂਵਰ ਸੱਥ ਕਿਸੇ ਹੋਰ ਸੰਸਥਾ ਦੇ ਮੁਕਾਬਲੇ ਤੇ ਨਹੀਂ ਖੜੀ ਕੀਤੀ ਗਈ ਤੇ ਨਾ ਹੀ ਅਸੀਂ ਕੋਈ ਕੰਮ ਕਿਸੇ ਹੋਰ ਦੇ ਮੁਕਾਬਲੇ ਤੇ ਕਰਨ ਦੀ ਨੀਤ ਰੱਖਦੇ ਹਾਂ। ਅਸੀਂ ਆਪਣੀ ਵਿਤ ਮੁਤਾਬਕ ਆਪਣੀ ਸਮਝ ਮੁਤਾਬਕ ਆਪਣੀਆਂ ਸਰਗਰਮੀਆਂ ਕਰਦੇ ਹਾਂ ਦੂਜੇ ਘੱਟ

ਕਰਦੇ ਹਨ ਵੱਧ ਕਰਦੇ ਹਨ ਇਹਦੇ ਨਾਲ ਸਾਡੀ ਚਾਲ ਤੇ ਕੋਈ ਅਸਰ ਨਹੀਂ ਪੈਂਦਾ। ਵਧੀਆ ਕੰਮ ਕਰ ਰਹੀਆਂ ਸੰਸਥਾਵਾਂ ਤੋਂ ਅਸੀਂ ਸਹਿਯੋਗ ਦੀ ਆਸ ਰੱਖਦੇ ਹਾਂ ਤੇ ਉਹਨਾਂ ਨੂੰ ਸਹਿਯੋਗ ਦੇਣ ਦੀ ਆਸ ਦੁਆਉਂਦੇ ਹਾਂ।

ਅੱਜ ਵਾਲੇ ਦੋ ਡਰਾਮੇ ਤਿਆਰ ਕਰਨ ਤੋਂ ਪਹਿਲਾਂ ਸੱਥ ਦੀ ਮੁਖ ਗਤੀਵਿਧੀ ਲੇਖ ਲਿਖਣ ਦੀ ਰਹੀ ਹੈ। ਸੱਥ ਨੇ ਹੁਣ ਤੱਕ ਤਿੰਨ ਚਾਰ ਲੇਖ ਲਿਖੇ ਹਨ ਤੇ ਦੋ ਕੁ ਉਪਰ ਇਸ ਵਕਤ ਕੰਮ ਕੀਤਾ ਜਾ ਰਿਹਾ ਹੈ। ਪਹਿਲਾ ਲੇਖ 'ਪੰਜਾਬੀਆਂ ਦਾ ਮਨੋਰੰਜਨ ਤੇ ਵੀਡੀਓ' ਇਥੇ ਵਤਨੋਂ ਦੂਰ ਤੇ ਕੈਨੇਡਾ ਦਰਪਣ ਵਿਚ ਛਪਿਆ ਸੀ। ਦੂਜਾ ਲੇਖ 'ਪੰਜਾਬੀ ਆਵਾਸੀ ਤੇ ਉਹਨਾਂ ਨੂੰ ਮਿਲਦੇ ਕੰਮ' ਪਹਿਲਾਂ ਅੰਮ੍ਰਿਤਸਰ ਤੋਂ ਨਿਕਲਦੇ ਨਾਟਕਕਾਰ ਗੁਰਸ਼ਰਨ ਸਿੰਘ ਦੇ ਪਰਚੇ 'ਸਮਤਾ' ਵਿਚ ਤੇ ਪਿਛੋਂ ਇਥੇ ਵਤਨੋਂ ਦੂਰ ਤੇ ਕੈਨੇਡਾ ਦਰਪਣ ਵਿਚ ਛਪਿਆ ਹੈ। ਜ਼ਬਾਨੀ ਕਲਾਮੀ ਬਹੁਤ ਸਾਰੇ ਦੋਸਤਾਂ ਨੇ ਇਹਨਾਂ ਲੇਖਾਂ ਬਾਰੇ ਸਾਡੇ ਨਾਲ ਵਿਚਾਰ ਸਾਂਝੇ ਕੀਤੇ ਹਨ ਪਰ ਲਿਖਤੀ ਤੌਰ ਤੇ ਕੋਈ ਇੰਨੇ comment ਨਹੀਂ ਆਏ। ਅਸੀਂ ਮਹਿਸੂਸ ਕਰਦੇ ਹਾਂ ਕਿ ਇਹੋ ਜਿਹੇ ਲੇਖਾਂ ਤੇ ਕਮਿਊਨਿਟੀ ਦੇ ਹੋਰ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਨ ਲਈ ਕੋਈ ਸਾਂਝਾ ਫੋਰਮ ਹੋਣਾ ਚਾਹੀਦਾ ਹੈ ਜਿਥੇ ਵੱਖੋ ਵਖਰੇ ਖਿਆਲਾਂ ਦੇ ਲੋਕ ਮਿਲ ਕੇ ਸਾਂਝੇ ਮਸਲਿਆਂ ਬਾਰੇ ਵਿਚਾਰ ਵਿਟਾਂਦਰਾ ਕਰ ਸਕਣ। ਜੇ ਸਾਨੂੰ ਯੋਗ ਸਹਿਯੋਗ ਮਿਲਿਆ ਤਾਂ ਅਸੀਂ ਕੋਸ਼ਿਸ਼ ਕਰਾਂਗੇ ਕਿ ਵੈਨਕੂਵਰ ਸੱਥ ਵਲੋਂ ਇਹ ਫੋਰਮ ਪੇਸ਼ ਕੀਤਾ ਜਾਵੇ ਤੇ ਇਹਨਾਂ ਮਸਲਿਆਂ ਉਤੇ ਸੈਮੀਨਾਰ ਬਗੈਰਾ ਰੱਖੇ ਜਾਣ। ਇਸ ਤੋਂ ਬਿਨਾਂ ਵੈਨਕੂਵਰ ਸੱਥ ਦੇ ਮੈਂਬਰ ਕੋਸ਼ਿਸ਼ ਕਰ ਰਹੇ ਹਨ ਕਿ ਇਹ ਸਾਹਿਤਕ ਤੇ ਸਭਿਆਚਾਰਕ ਫੰਕਸ਼ਨਾਂ ਨੂੰ ਲਗਾਤਾਰ ਜਾਰੀ ਰੱਖਿਆ ਜਾਵੇ। ਕੋਸ਼ਿਸ਼ ਰਹੇਗੀ ਕਿ ਅਗਾਂਹ ਨੂੰ ਜਿਹੜੇ ਡਰਾਮੇ ਕੀਤੇ ਜਾਣ ਉਹ ਇਥੋਂ ਦੀ ਜ਼ਿੰਦਗੀ ਬਾਰੇ ਹੋਣ। ਇਸ ਮਕਸਦ ਲਈ ਸੱਥ ਦੇ ਮੈਂਬਰ ਡਰਾਮੇ ਤਿਆਰ ਕਰ ਰਹੇ ਹਨ। ਇਸ ਅੱਜ ਦੇ ਫੰਕਸ਼ਨ ਵਿਚ ਵੀ ਇਕ ਡਰਾਮਾ ਸੱਥ ਦੇ ਮੈਂਬਰ ਮੱਖਣ ਟੁੱਟ ਦਾ ਲਿਖਿਆ ਹੋਇਆ ਹੈ। ਸੁਖਵੰਤ ਹੁੰਦਲ ਨੇ ਹੁਣੇ ਹੁਣੇ ਇਕ ਡਰਾਮਾ ਲਿਖਿਆ ਹੈ, ਅਮਰਜੀਤ ਚਾਹਲ ਫਾਰਮ ਵਰਕਰਾਂ ਬਾਰੇ ਇਕ ਲੰਮਾ ਡਰਾਮਾ ਲਿਖ ਰਿਹਾ ਹੈ। ਇਹਨਾਂ ਸਰਗਰਮੀਆਂ ਤੋਂ ਸਾਨੂੰ ਉਮੀਦ ਬੱਝਦੀ ਹੈ ਕਿ ਅਸੀਂ ਆਉਣ ਵਾਲੇ ਸਮੇਂ ਵਿਚ ਕੁਝ ਨਾ ਕੁਝ ਕਰਕੇ ਰਹਾਂਗੇ। ਪਰ ਸਭ ਤੋਂ ਵੱਡੀ ਗੱਲ ਹੈ ਕਿ ਸਾਨੂੰ ਤੁਹਾਡਾ ਸਾਰੇ ਲੋਕਾਂ ਦਾ ਸਹਿਯੋਗ ਮਿਲਣਾ ਚਾਹੀਦਾ ਹੈ ਤੇ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਸਾਨੂੰ ਨਿਰਾਸ਼ ਨਹੀਂ ਕਰੋਗੇ।

ਸਾਡੇ ਅੱਜ ਦੇ ਦੋਵੇਂ ਡਰਾਮੇ ਸਿਧੇ ਤੌਰ ਤੇ ਪੰਜਾਬ ਦੀ ਮੌਜੂਦਾ ਹਾਲਤ ਬਾਰੇ ਹਨ। ਪਹਿਲਾ ਨਾਟਕ 'ਪੰਜਾਬ ਦੀ ਆਵਾਜ਼' ਸੱਥ ਦੇ ਲੇਖਕ ਤੇ ਕਲਾਕਾਰ ਮੱਖਣ ਟੁੱਟ ਨੇ ਲਿਖਿਆ ਹੈ ਤੇ ਡਰਾਮੇ ਵਿਚ ਮੁਖ ਰੋਲ ਵੀ ਉਹ ਖੁਦ ਹੀ ਕਰ ਰਿਹਾ ਹੈ। ਇਹ ਡਰਾਮਾ ਇਕੱਲੇ ਸੱਥ ਦੇ ਖਿਆਲਾਂ ਦੀ ਹੀ ਨਹੀਂ ਸਗੋਂ ਹਰ ਅਗਾਂਹ ਵਧੂ ਪੰਜਾਬ ਦੇ ਖਿਆਲਾਂ ਦੀ ਤਰਜਮਾਨੀ ਕਰਦਾ ਹੈ।* ਦੂਜਾ ਡਰਾਮਾ ਪੰਜਾਬੀ ਦੇ ਮਸ਼ਹੂਰ ਨਾਟਕਕਾਰ ਗੁਰਸ਼ਰਨ ਸਿੰਘ ਦਾ ਲਿਖਿਆ ਹੋਇਆ ਹੈ। ਇਹ ਨਾਟਕ 'ਇਕ ਮੋਰਚਾ ਇਕ ਕੁਰਸੀ ਤੇ ਹਵਾ ਵਿਚ ਲਟਕਦੇ ਲੋਕ' ਧਰਮ ਅਤੇ ਸਿਆਸਤ ਦੇ ਅਸਲੀ ਰਿਸ਼ਤੇ ਨੂੰ ਬਹੁਤ ਹੀ ਸਫਲ ਤਰੀਕੇ ਨਾਲ ਦਰਸ਼ਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਨਾਟਕ ਵਿਚ ਆਪਾਂ ਦੇਖਾਂਗੇ ਕਿ ਕਿਵੇਂ ਧਾਰਮਿਕ ਆਗੂ ਤੇ ਤਾਕਤਵਰ ਸਿਆਸੀ ਲੀਡਰ ਮਿਲ ਕੇ ਆਮ ਲੋਕਾਂ ਨੂੰ ਬੇਵਕੂਫ ਬਣਾਉਂਦੇ ਹਨ। ਤੇ ਸਾਡੀ ਆਮ ਲੋਕਾਂ ਦੀ ਬਦਕਿਸਮਤੀ ਇਹੀ ਹੁੰਦੀ ਹੈ ਕਿ ਅਸੀਂ ਇਹਨਾਂ ਲੀਡਰਾਂ ਤੇ ਇਸ ਹੱਦ ਤੱਕ ਵਿਸ਼ਵਾਸ਼ ਕਰਨ ਲਗਦੇ ਹਾਂ ਕਿ ਖੁਦ ਸੋਚਣਾ ਵੀ ਛੱਡ ਦਿੰਦੇ ਹਾਂ। ਇਸ ਅੰਨੀ ਭਗਤੀ ਦਾ ਅੰਜਾਮ ਜੋ ਹੁੰਦਾ ਹੈ ਉਹ ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ ਸਾਡੇ ਵਿਚੋਂ ਬਹੁਤਿਆਂ ਨੇ ਖੁਦ 1947 ਦਾ ਸਾਲ ਜੀਵਿਆ ਹੈ ਤੇ ਬਾਕੀਆਂ ਨੇ ਹਮੇਸ਼ਾਂ ਉਸ ਵਹਿਸ਼ੀ ਕਤਲੋਗਾਰਤ ਦੇ ਕਿੱਸੇ ਸੁਣੇ ਹਨ। ਪਰ ਸਾਡੇ ਪਾਗਲਪੁਣੇ ਦੀ ਹੱਦ ਦੇਖੋ ਅਸੀਂ ਸਭ ਕੁਝ ਭੁਲਾਈ ਬੈਠੇ ਹਾਂ ਤੇ ਹੁਣ ਇਹਨਾਂ ਲੀਡਰਾਂ ਦੇ ਮਗਰ ਲੱਗ ਕੇ ਫੇਰ ਇਕ ਦੂਜੇ ਦੇ ਟੁਕੜੇ ਕਰਨ ਲਈ ਕਮਰਕਸੇ ਕਰ ਰਹੇ ਹਾਂ। ਹੁਣ ਮੌਕਾ ਹੈ ਕਿ ਆਪਾਂ ਖੁਦ ਇਸ ਹਾਲਤ ਬਾਰੇ ਸੋਚੀਏ। ਤੇ ਇਹ ਦੋਵੇਂ ਡਰਾਮੇ ਅਨੇਕਾਂ ਉਹਨਾਂ ਸਵਾਲਾਂ ਨੂੰ ਸਾਡੇ ਸਾਹਮਣੇ ਪੇਸ਼ ਕਰਦੇ ਹਨ ਜਿਹਨਾਂ ਨੂੰ ਜੇ ਨਾ ਵਿਚਾਰਿਆ ਗਿਆ ਤਾਂ ਅਸੀਂ ਇਕ ਵਾਰ ਫੇਰ ਇਕ ਦੂਜੇ ਦੇ ਖੂਨ ਦੀਆਂ ਨਦੀਆਂ ਵਹਾਂਵਾਂਗੇ। ਚਾਹੇ ਅਸੀਂ ਧਰਮ ਵਿਚ ਯਕੀਨ ਕਰਦੇ ਹੋਈਏ ਚਾਹੇ ਨਾ। ਸਾਨੂੰ ਇਹਨਾਂ ਮਸਲਿਆਂ ਬਾਰੇ ਸੋਚਣਾ ਚਾਹੀਦਾ ਹੈ ਸਵਾਲ ਉਠਾਉਣੇ ਚਾਹੀਦੇ ਹਨ। ਤਾਂ ਕਿ ਅਸੀਂ ਚੌਕੰਨੇ ਰਹਿ ਸਕੀਏ ਤੇ ਧਾਰਮਿਕ ਲੀਡਰ ਸਿਰਫ ਇਹ ਕਹਿਕੇ ਹੀ ਕਿ 'ਧਰਮ ਨੂੰ ਖਤਰਾ ਹੈ' ਸਾਨੂੰ ਆਪਣੇ ਮਗਰ ਨਾ ਲਾ ਸਕਣ। ਉਹਨਾਂ ਨੂੰ ਇਹ ਸਾਬਤ ਕਰਨਾ ਪਵੇ ਕਿ ਧਰਮ ਨੂੰ ਕਿਵੇਂ ਖਤਰਾ ਹੈ? ਕੀ ਇਹ ਖਤਰਾ ਗਊਆਂ ਦੇ ਸਿਰ ਵੱਢ ਕੇ, ਗੁਰਦੁਆਰੇ ਲੂਹ ਕੇ ਜਾਂ ਨਿਰਦੋਸ਼ ਲੋਕਾਂ ਦੇ ਖੂਨ ਦੀ ਹੋਲੀ ਖੇਡ ਕੇ ਹੀ ਟਾਲਿਆ ਜਾ ਸਕਦਾ ਹੈ? ਕੀ ਜਦੋਂ ਇਹਨਾਂ ਧਾਰਮਿਕ ਲੀਡਰਾਂ ਦੇ ਹੱਥ ਤਾਕਤ ਹੁੰਦੀ ਹੈ ਉਹ ਧਰਮ ਤੇ ਧਰਮ ਨੂੰ ਮੰਨਣ ਵਾਲੇ ਲੋਕਾਂ ਦੀ ਪੂਰੀ ਤਰਾਂ ਰਖਿਆ ਕਰਦੇ ਹਨ? ਜੇ ਪੰਜਾਬ ਨੂੰ ਜਾਂ ਹਿਦੁਸਤਾਨ ਦੇ ਹੋਰ ਸੂਬਿਆਂ ਨੂੰ ਵੱਧ ਅਧਿਕਾਰ ਮਿਲ ਵੀ ਜਾਣ ਤਾਂ ਕੀ ਪੰਜਾਬ ਦੇ ਆਮ ਗਰੀਬ ਲੋਕਾਂ ਨੂੰ ਉਸ ਤੋਂ ਕੋਈ ਫਾਇਦਾ ਹੋਵੇਗਾ ਜਾਂ ਹੁਣ ਬਾਹਰਲੇ ਸਰਮਾਏਦਾਰ ਦੀ ਥਾਂ ਪੰਜਾਬ ਦਾ ਸਰਮਾਏਦਾਰ ਉਹਨਾਂ ਦੀ ਲੁੱਟ ਕਰਨ ਲੱਗ ਪਵੇਗਾ? ਸਾਡੇ ਖਿਆਲ ਵਿਚ ਸਿਰਫ ਸਰਮਾਏਦਾਰਾਂ ਦੀ ਅਦਲਾ ਬਦਲੀ ਹੋਵੇਗੀ। ਇਸ ਲਈ ਲੋੜ ਹੈ ਇਸ ਮੋਰਚੇ ਦੀ ਸੁਹਿਰਦਤਾ ਉਪਰ ਗੰਭੀਰਤਾ ਨਾਲ ਸੋਚਣ ਦੀ ਮੋਰਚਾ ਚਲਾਉਣ ਵਾਲਿਆਂ ਅਤੇ ਸਰਕਾਰ ਨੇ ਇਸ ਮੋਰਚੇ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਹੈ ਉਸ ਨਾਲ ਇਹਨਾਂ ਫਿਰਕੂ ਦੰਗਿਆਂ ਤੱਕ ਪਹੁੰਚਣ ਤੋਂ ਬਿਨਾਂ ਕੁਝ ਨਹੀਂ ਸੀ ਹੋ ਸਕਦਾ। ਪਿਛਲੇ ਕੁਝ ਸਮੇਂ ਵਿਚ ਪੰਜਾਬ ਅਤੇ ਹਰਿਆਣੇ ਵਿਚ ਜੋ ਕੁਝ ਹੋਇਆ ਹੈ ਉਹ ਆਮ ਲੋਕਾਂ ਦੇ ਮਸਲਿਆਂ ਦਾ ਹੱਲ ਨਹੀਂ, ਹਾਂ ਸਰਕਾਰ ਚਲਾਉਣ ਵਾਲਿਆਂ ਅਤੇ ਮੋਰਚਾ ਲਾਉਣ ਵਾਲਿਆਂ ਲੀਡਰਾਂ ਦੇ ਮਸਲਿਆਂ ਦਾ ਭਾਵੇਂ ਕੋਈ ਹੱਲ ਹੋਵੇ।

ਹਿਦੁਸਤਾਨ ਵਿਚ ਲੋਕਾਂ ਨੂੰ ਮੁਸ਼ਕਲਾਂ ਸਿਰਫ ਪੰਜਾਬ ਵਿਚ ਹੀ ਨਹੀਂ ਆਉਂਦੀਆਂ ਹਰ ਸੂਬੇ ਵਿਚ ਲੋਕ ਦੁਖੀ ਹਨ। ਇਕੱਲੇ ਸਿਖ ਹੀ ਦੁਖੀ ਨਹੀਂ ਹਿਦੂ, ਮੁਸਲਮਾਨ, ਇਸਾਈ, ਬੋਧੀ ਸਾਰੇ ਦੇ ਸਾਰੇ ਹੀ ਗਰੀਬੀ ਦੇ ਪੁੜਾਂ ਵਿਚ ਪਿਸ ਰਹੇ ਹਨ। ਲੋੜ ਹੈ ਹਾਲਾਤ ਨੂੰ ਠੀਕ ਤਰੀਕੇ ਨਾਲ ਦੇਖਣ ਦੀ ਨਾ ਕਿ ਧਾਰਮਿਕ ਜਨੂੰਨ ਥੱਲੇ ਖੂਨ ਵਹਾਉਣ ਦੀ। ਇਸ ਖੂਨ ਖਰਾਬੇ ਨਾਲ ਜੋ ਨੁਕਸਾਨ ਹੁੰਦਾ ਹੈ ਉਹ ਕਦੀ ਵੀ ਪਤਾ ਨਹੀਂ ਹੁੰਦਾ। ਜਿਵੇਂ ਤੁਸੀਂ ਸਾਰੇ ਜਾਣਦੇ ਹੋ ਕਿ ਕੁਝ ਦਿਨ ਪਹਿਲਾਂ ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਪੋਤਾ ਸੁਮੀਤ ਸਿੰਘ ਜੋ ਅੱਜ ਕੱਲ ਪ੍ਰੀਤਲੜੀ ਦਾ ਸੰਪਾਦਕ ਸੀ ਦਾ ਕਤਲ ਕਰ ਦਿਤਆ ਗਿਆ। ਇਕ ਹੋਣੀਆਂ ਭਰੇ ਨੌਜਵਾਨ ਨੂੰ ਖਤਮ ਕਰ ਦੇਣ ਨਾਲ ਜੋ ਪੰਜਾਬੀ ਬੋਲੀ ਸਾਹਿਤ ਤੇ ਪੰਜਾਬੀਅਤ ਨੂੰ ਘਾਟਾ ਪਿਆ ਹੈ ਕੀ ਉਹ ਕਦੀ ਪੂਰਾ ਕੀਤਾ ਜਾ ਸਕਦਾ ਹੈ? ਇਸੇ ਤਰ੍ਹਾਂ ਪੰਜਾਬ ਤੇ ਹਰਿਆਣੇ ਦੇ ਵੱਖ ਵੱਖ ਇਲਾਕਿਆਂ ਵਿਚ ਅਨੇਕਾਂ ਕਤਲ ਹੋਏ ਹਨ ਤੇ ਹੋ ਰਹੇ ਹਨ। ਇਸ ਤੋਂ ਪਹਿਲਾਂ ਕਿ ਕਤਲਾਂ ਦਾ ਇਹ ਸਿਲਸਿਲਾ ਸਾਡਾ ਸਭ ਕੁਝ ਤਬਾਹ ਕਰ ਜਾਵੇ ਸਾਨੂੰ ਸੋਚਣਾ ਚਾਹੀਦਾ ਹੈ ਤੇ ਇਸ ਹਨੇਰਗਰਦੀ ਵਿਰੁਧ ਆਵਾਜ਼ ਉਠਾਉਣੀ ਚਾਹੀਦੀ ਹੈ। ਸਾਡੇ ਅੱਜ ਦੇ ਇਹ ਡਰਾਮੇ ਇਸੇ ਪਾਸੇ ਇਕ ਕੋਸ਼ਿਸ਼ ਹਨ। ●

---

* 'ਪੰਜਾਬ ਦੀ ਆਵਾਜ਼' ਨਾਟਕ 7 ਅਪਰੈਲ ਨੂੰ ਕੁਨੈਲ (QUESNEL, B.C.) ਅਤੇ 8 ਅਪਰੈਲ ਨੂੰ ਵਿਲੀਅਮਜ਼ ਲੇਕ (WILLIAMS LAKE, B.C.) ਵਿੱਚ B.C.O.F.R (ਨਸਲਵਾਦ ਵਿਰੁੱਧ ਬੀ.ਸੀ. ਦੀ ਸੰਘਰਸ਼ ਸੰਮਤੀ) ਦੇ ਸੱਭਿਆਚਾਰਕ ਪਰੋਗਰਾਮਾਂ ਵਿੱਚ ਵੀ ਸਫਲਤਾ ਪੂਰਬਕ ਖੇਡਿਆ ਗਿਆ। ਇਹ ਨਾਟਕ ਵਤਨੋਂ ਦੂਰ ਦੇ ਅਗਲੇ ਅੰਕ ਵਿੱਚ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। - ਅਦਾਰਾ

---

(ਸਫ਼ਾ 16 ਦੀ ਬਾਕੀ)

ੜੀਆਂ ਸਵਾਰੀਆਂ ਦੀ ਕੁੱਟ-ਕੁਟਾਈ ਤੇ ਬੇ-ਪਤੀ ਦਰਸਾਉਂਦੀ ਹੈ ਕਿ ਮੁੱਠੀ ਭਰ ਹਿੰਦੂ ਫਿਰਕਾਪ੍ਰਸਤ ਕਿਸ ਕਰਤੂਤ ਉਪਰ ਉਤਾਰੂ ਹੋ ਰਹੇ ਹਨ।

ਇਸ ਗੰਭੀਰ ਸਥਿਤੀ ਵਿਚ ਹਰੇਕ ਇਨਸਾਫਪਸੰਦ ਸ਼ਾਂਤੀ-ਪਸੰਦ, ਹਿੰਦੂ-ਸਿੱਖ-ਮੁਸਲਮ-ਇਸਾਈ ਏਕਤਾ ਦੇ ਹਾਮੀ, ਅਗਾਂਹ ਵਧੂ ਤੇ ਇਨਕਲਾਬੀ ਵਿਅਕਤੀ ਅਤੇ ਜਥੇਬੰਦੀਆਂ ਦਾ ਇਹ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਦੋਹਾਂ ਮੁੱਠੀ ਭਰ ਅੱਤਵਾਦੀ ਜਨੂੰਨੀਆਂ ਨੂੰ ਨਿਖੇੜਨ, ਦੁਰਕਾਰਨ ਆਪਸੀ ਸਦਭਾਵਨਾ ਲਈ ਸਿਰਤੋੜ ਜਤਨ ਕਰਨ, ਤਾਂ ਜੁ ਲੋਕਾਂ ਨੂੰ ਉਨ੍ਹਾਂ ਦੀ ਅਸਲੀ ਲੜਾਈ ਤੋਂ ਭਟਕਾਉਣ ਦੀਆਂ ਹਾਕਮ-ਜਮਾਤਾਂ ਦੀਆਂ ਯੋਜਨਾਂ ਨੂੰ ਸਖ਼ਤ ਤੇ ਕਰਾਰੀ ਹਾਰ ਦਿੱਤੀ ਜਾ ਸਕੇ। ●



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

## HARJIT JUDGE

**BUS. 463-9523** **RES. 462-2371**

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, *Apartment Buildings, Retail Stores, Offices,* Machinery, Boilers.



## Millhurst Hair Stylists (Unisex)

**5734 - 19 A AVE, EDMONTON**

SPECIALIZED IN:
i) Haircut ii) Blow Dry iii) Colour
iv) Perms v) Henna vi) French Braids

**PHONE:**

## DARSHAN DHILLON

**FOR APPOINTMENT (463-5012)**

## ALLMAKES APPLIANCE & REFRIGERATION

ਹਰ ਕਿਸਮ ਦੇ
* ਫਰਿਜ਼-ਸਟੋਵ-ਫਰੀਜ਼ਰ
* ਵਾਸ਼ਰ-ਡਰਾਇਰ-ਡਿਸ਼ਵਾਸ਼ਰ
* ਗਾਰਵੂਰੇਟਰ-ਵਾਟਰ ਟੈਂਕ
* ਫਰਨੈਂਸ
ਦੀ ਤਸੱਲੀ ਬਖਸ਼ ਮੁਰੰਮਤ ਜਾਂ ਖਰੀਦਣ
ਵਾਸਤੇ ਹਮੇਸ਼ਾਂ ਫ਼ੋਨ ਕਰੋ:





**(604) 525-3557**
**24 HR. SERVICE**

## BALDEV DHANJAL

**BURNABY, B.C.**

ਬਲਦੇਵ ਧੰਜਲ


## NORTH AMERICAN LIFE offers Non Smokers*

**MAKE THAT CALL NOW**



**SUDESH KALIA**

ASSURING
BRIGHT
FINANCIAL
FUTURES



**Bus. 685-9335**
**Res. 254-5837**
**NORTH AMERICAN LIFE**
**ASSURANCE COMPANY**
**ESTABLISHED IN CANADA 1881**
**320-815-W.Hastings St**
**Vancouver B.C.**
**V6C 2W1**

# (੧) ... ਇਹ ਸਭ ਕੁਝ ਵੀ ਸੰਤਾਂ ਦੀ ਕਿਰਪਾ ਨਾਲ

(ਅੰਮ੍ਰਿਤਸਰ ਤੋਂ 'ਸੁਰਖ਼ ਰੇਖਾ' ਦੇ ਵਿਸ਼ੇਸ਼ ਪੱਤਰ ਪਰੇਰਕ ਖੜਕ ਸਿੰਘ)

ਬਹੁਤ ਸਾਰੇ ਲੋਕ ਨਹੀਂ ਜਾਣਦੇ ਕਿ ਭਿੰਡਰਾਂਵਾਲਾ ਅਤੇ ਲੌਂਗੋਵਾਲ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰੱਖਣ, ਸਿਖ "ਕੌਮ" ਨੂੰ ਸਿੱਖੀ ਅਸੂਲਾਂ ਖਾਤਰ ਮਰ ਮਿਟਣ ਅਤੇ ਸਭ ਕੁੱਝ ਕੁਰਬਾਨ ਕਰ ਦੇਣ ਦਾ ਹੋਕਾ ਦੇ ਕੇ ਅਸਲ ਵਿਚ ਕੀ ਕੀ ਕਰ ਰਹੇ ਹਨ। ਸਾਧਾਂ ਸੰਤਾਂ ਦੇ ਭੇਸ ਧਾਰ ਕੇ ਹਰਿਮੰਦਰ ਸਾਹਿਬ ਵਿਚ ਛੁਪੇ ਇਹਨਾਂ ਵੀਹਵੀ ਸਦੀ ਦੇ ਮਸੰਦਾਂ ਨੇ ਆਪਣੇ ਹਥਿਆਰਬੰਦ ਚੇਲਿਆ ਰਾਹੀਂ ਅਜਿਹੇ ਕਾਰਨਾਮੇ ਸ਼ੁਰੂ ਕੀਤੇ ਹੋਏ ਹਨ ਜਿਨ੍ਹਾਂ ਨੂੰ ਸੁਣਕੇ ਆਮ ਸਧਾਰਨ ਆਦਮੀ ਚਕਾਚੌਂਦ ਹੋ ਜਾਂਦਾ ਹੈ। ਪਿਛਲੇ ਸਮੇਂ ਤੋਂ ਮੋਰਚੇ ਦੀ ਸਰਵ ਸ਼ਕਤੀਮਾਨ ਹਸਤੀ ਬਣੇ ਹੋਏ ਇਹਨਾਂ ਦੋਵਾਂ "ਮਹਾਂਪੁਰਸ਼ਾਂ" ਨੇ ਹਰਿਮੰਦਰ ਸਾਹਿਬ ਵਿਚ ਜੋ ਕੁੱਝ ਵੀ ਕੀਤਾ—ਜਾਂ ਕਰਨ ਦੀ ਆਗਿਆ ਦਿਤੀ, ਉਹ ਸਾਬਤ ਕਰਦਾ ਹੈ ਕਿ ਇਹਨਾਂ ਦੀ ਅਸਲੀਅਤ ਕੀ ਹੈ। ਆਓ ਜ਼ਰਾ ਵੇਖੋ ਭਿੰਡਰਾਂਵਾਲੇ ਦੇ ਲਾਡਲੇ ਲਫਟੈਣ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸੈਕਟਰੀ ਹਰਮਿੰਦਰ ਸੰਧੂ ਤੇ ਉਸਦੇ ਪਾਲਕ ਸੰਤਾਂ ਦੇ ਕਾਰਨਾਮਿਆਂ ਤੇ ਇਕ ਨਜ਼ਰ ਮਾਰੀਏ।

**ਹਰਮਿੰਦਰ ਸਿਘ ਸੰਧੂ ਵਲੋਂ ਸਮਗਲਿੰਗ ਦਾ ਧੰਦਾ ਸ਼ੁਰੂ :—**

ਸੰਧੂ ਅੱਜ ਕੱਲ ਭਿੰਡਰਾਂਵਾਲੇ ਦਾ ਸਭ ਤੋਂ ਭਰੋਸੇਯੋਗ ਚੇਲਾ ਹੈ ਅਤੇ ਉਸਨੇ ਭਿੰਡਰਾਂਵਾਲੇ ਦੀਆਂ ਨੀਤੀਆਂ ਨੂੰ ਹਰ ਢੰਗ ਨਾਲ ਲਾਗੂ ਕਰਨ ਦੀ ਕਸਮ ਖਾਧੀ ਹੈ। ਇਹਨਾਂ ਨੀਤੀਆਂ ਵਿਚੋਂ ਹੀ ਇਕ ਹੈ ਸਮਗਲਿੰਗ ਕਰਨ ਦਾ ਧੰਦਾ ਅਤੇ ਉਹ ਵੀ ਹਰਿਮੰਦਰ ਸਾਹਿਬ ਦੇ ਅੰਦਰ। **ਇਹ ਧੰਦਾ ਉਦੋਂ ਸ਼ੁਰੂ ਹੋਇਆ ਜਦੋਂ** ਭਿੰਡਰਾਂਵਾਲੇ ਨੇ ਰਘੂਨੰਦਨ ਲਾਲ ਭਾਟੀਆ (ਗਿਆਨੀ ਜ਼ੈਲ ਸਿੰਘ ਦਾ ਵਿਸ਼ੇਸ਼ ਆਦਮੀ) ਦੀ ਚੋਣ ਵਿਚ ਪੂਰੀ ਮਦਦ ਕਰਨ ਦਾ ਫੈਸਲਾ ਕਰ ਲਿਆ। ਇਸ ਸਮੇਂ (1980) ਹਰਮਿੰਦਰ ਸੰਧੂ ਨੂੰ ਕੋਈ ਜਾਣਦਾ ਵੀ ਨਹੀਂ ਸੀ, ਇਹਨਾਂ ਚੋਣਾਂ ਵਿਚ ਸੰਧੂ ਅਤੇ ਭਾਈ ਅਮਰੀਕ ਸਿਘ (ਸੰਤ ਕਰਤਾਰ ਸਿਘ ਦਾ ਪੁੱਤਰ) ਨੇ ਰਘੂਨੰਦਨ ਲਾਲ ਭਾਟੀਆ ਦੀ ਮਦਦ ਕਰਨ ਲਈ ਪੂਰਾ ਜ਼ੋਰ ਲਾਇਆ। ਇਸ ਪਿਛੋਂ ਕਾਂਗਰਸ ਆਈ ਨੇ ਭਾਈ ਅਮਰੀਕ ਸਿਘ ਨੂੰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਚੋਣਾਂ ਵਿਚ ਜਥੇਦਾਰ ਜੀਵਨ ਸਿਘ ਉਮਰਾਨੰਗਲ ਦੇ ਵਿਰੁੱਧ ਖੜੇ ਹੋਣ ਲਈ ਖੁੱਲੇ ਗੱਫੇ ਦਿਤੇ। ਇਸ ਚੋਣ ਵਿਚ ਵੀ ਸੰਧੂ ਦੀ ਵਾਹਵਾ ਬੱਲੇ ਬੱਲੇ ਹੋ ਗਈ ਅਤੇ ਹੁਣ ਇਸਨੇ ਸੰਤਾਂ ਤੋਂ ਥਾਪੀ ਅਤੇ ਪੈਸਾ ਲੈ ਕੇ ਅਸਲੀ ਧੰਦਾ ਸ਼ੁਰੂ ਕੀਤਾ।

ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਅਕਾਲ ਰੈਸਟ ਹਾਊਸ (ਹਰਿਮੰਦਰ ਸਾਹਿਬ ਅੰਦਰ) ਉਪਰ ਕਾਫੀ ਸਮੇਂ ਤੋਂ ਕਬਜ਼ਾ ਹੈ ਅਤੇ **ਅਕਾਲ ਰੈਸਟ ਹਾਊਸ ਨੂੰ ਸਮਗਲਿੰਗ ਦਾ ਅੱਡਾ ਬਣਾਇਆ ਗਿਆ :—**

ਭਿੰਡਰਾਂਵਾਲੇ ਦੀਆਂ ਜੀਪਾਂ ਅਤੇ ਹਥਿਆਰਬੰਦ ਬੰਦੇ ਹਰਮਿੰਦਰ ਸੰਧੂ ਦੀ ਅਗਵਾਈ ਵਿਚ ਅਫੀਮ, ਹਸ਼ੀਸ਼, ਵਿਦੇਸ਼ੀ ਕੱਪੜਾ ਅਤੇ ਹੋਰ ਅਨੇਕਾਂ ਕੁੱਝ ਪਾਕਿਸਤਾਨ ਤੋਂ ਸਮਗਲ ਕਰਨ ਦਾ ਕੰਮ ਕਰਨ ਲੱਗੇ। "ਗੁਰੂ ਮਹਾਰਾਜ ਦੀ ਪਵਿੱਤਰਤਾ" ਅਤੇ ਸਿੱਖੀ ਸਰੂਪ ਦੇ ਪੜਦੇ ਹੇਠ ਇਹ ਕੰਮ ਪੂਰੀ ਕਾਮਯਾਬੀ ਨਾਲ ਹੋਣ ਲੱਗਾ। ਮਾਲ ਨੂੰ ਇਧਰ ਉਧਰ ਕਰਨ ਵਿਚ ਅਤੇ ਪਾਕਿ-ਸਤਾਨ ਨਾਲ ਲਿੰਕ ਕਰਨ ਲਈ ਜ਼ਿਆਦਾ ਸਰਗਰਮੀ ਸੰਧੂ ਦਾ ਭਰਾ ਉਪਕਾਰ ਸਿੰਘ (ਜਿਹੜਾ ਕੋ-ਊਪ੍ਰੇਟਿਵ ਬੈਂਕ ਵਿਚ ਮੁਲਾਜ਼ਮ ਸੀ) ਕਰਦਾ, ਪਰ ਇਸ ਧੰਦੇ ਤੇ ਸਾਰਾ ਕੰਟਰੋਲ ਅਕਾਲ ਰੈਸਟ ਹਾਊਸ ਵਿਚ ਬੈਠ ਕੇ ਹੀ ਹੁੰਦਾ। ਬਾਹਰੋਂ ਇਹ ਸਿਧ ਕੀਤਾ ਜਾਂਦਾ ਕਿ ਅਕਾਲ ਰੈਸਟ ਹਾਊਸ ਸਿੱਖ ਸਟੂਡੈਂਟਸ ਫੈਡਰੇਸ਼ਨ ਦੀਆਂ ਕਾਰਵਾਈਆਂ ਦਾ ਕੇਂਦਰ ਹੈ ਪਰ ਅੰਦਰ ਸਮਗਲਿੰਗ ਦਾ ਕਾਲਾ ਧੰਦਾ ਕੀਤਾ ਜਾਂਦਾ।

ਇਕ ਹੋਰ ਅਕਾਲੀ ਆਗੂ ਇਸ ਧੰਦੇ ਵਿਚ ਇਹਨਾਂ ਦੇ ਨਾਲ ਆ ਗਿਆ :— ਇਹ ਅਕਾਲੀ ਆਗੂ ਹੈ ਅਟਾਰੀ ਨੇੜੇ ਰਣਗੜ੍ਹ ਪਿੰਡ ਦਾ ਸਰਦਾਰ ਅਮਰੀਕ ਸਿੰਘ। ਇਸਦਾ ਲੜਕਾ ਗੁਰਬੀਰ ਸਿੰਘ ਤੇ ਇਕ ਨੌਕਰ ਇਸ ਕੰਮ ਵਿਚ ਸੰਧੂ ਦਾ ਸਾਥ ਪੂਰੀ ਸਰਗਰਮੀ ਨਾਲ ਦੇਣ ਲੱਗੇ। ਇਹਨਾਂ ਨੇ ਆਪਣਾ ਅੱਡਾ ਅੰਮ੍ਰਿਤਸਰ ਵਿਚ ਹੀ ਬ੍ਰਾਹਮਣ ਪ੍ਰਵਾਰ ਦੀ ਕੋਠੀ ਨੂੰ ਬਣਾਇਆ ਅਤੇ ਆਪਣੇ ਹਿਸੇ ਦਾ ਸਾਰਾ ਮਾਲ ਇਸ ਕੋਠੀ ਵਿਚ ਹੀ ਰੱਖਦੇ ਅਤੇ ਪਾਕਿਸਤਾਨ ਦੇ ਸਮਗਲਰ ਵੀ ਏਥੇ ਆ ਕੇ ਹੀ ਠਹਿਰਦੇ।

ਕੁੱਝ ਸਮੇਂ ਪਿੱਛੋਂ ਹੀ ਇਹਨਾਂ ਦੋਵਾਂ ਧੜਿਆਂ ਦਾ 18000 ਰੁਪਏ ਦੇ ਲੈਣ-ਦੇਣ ਤੋਂ ਝਗੜਾ ਹੋ ਗਿਆ, ਸੰਧੂ ਨੂੰ ਸੰਤ ਭਿੰਡਰਾਂਵਾਲੇ ਅਤੇ ਸਟੇਨਗੰਨਾਂ ਤੇ ਮਾਣ ਸੀ ਨਾਲੇ ਮੋਰਚਾ ਵੀ ਪੂਰੀ ਤਰਾਂ ਸਰਗਰਮ ਸੀ ਅਤੇ ਲੋਕਾਂ ਨੂੰ ਸਿਖੀ ਸਰੂਪ ਧਾਰਨ ਕਰਕੇ ਅਜੋਕੇ ਮਸੰਦਾਂ ਨੇ ਕਾਫੀ ਗੁਮਰਾਹ ਵੀ ਕੀਤਾ ਹੋਇਆ ਸੀ। ਜੇ ਇਹਨਾਂ ਸਾਜ਼ਗਰ ਹਾਲਤਾਂ ਵਿਚ ਵੀ ਰਣਗੜ੍ਹੀਏ ਸਰਦਾਰ ਪੈਸੇ ਮਾਰ ਜਾਣ ਤਾਂ ਫਿਰ ਸੰਧੂ ਦਾ ਹੋਣਾ ਵੀ ਕੀ ਹੋਇਆ। ਸੰਧੂ ਗਰੁੱਪ ਨੇ ਸੰਤਾਂ ਤੋਂ ਹਥਿਆਰਬੰਦ ਬੰਦੇ ਅਤੇ ਜੀਪ ਲੈ ਕੇ ਪੈਸੇ ਉਗ-ਰਾਉਣ ਦੀ ਸਕੀਮ ਬਣਾਈ।

**ਅਕਾਲ ਰੈਸਟ ਹਾਊਸ ਅਗਵਾਕਾਰਾਂ ਦਾ ਅੱਡਾ:**—ਭਿੰਡਰਾਂਵਾਲੇ ਦੀ ਲਾਡਲੀ ਫੌਜ ਨੇ ਅਮਰੀਕ ਸਿੰਘ ਰਣਗੜ੍ਹੀਏ ਦੇ ਲੜਕੇ ਗੁਰਬੀਰ ਸਿੰਘ ਅਤੇ ਉਸਦੇ ਇਕ ਨੌਕਰ ਨੂੰ ਹਥਿਆਰਾਂ ਦੇ ਜ਼ੋਰ ਨਾਲ ਅਗਵਾ ਕਰਕੇ ਜੀਪ ਵਿਚ ਸੁੱਟ ਲਿਆ ਅਤੇ ਅਕਾਲ ਰੈਸਟ ਹਾਊਸ ਵਿਚ ਲਿਆ ਕੇ ਕੈਦ ਕਰ ਲਿਆ। ਅਗਵਾਕਾਰਾਂ ਨੇ ਹਰਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਕਰਨ ਲਈ ਇਕੱਲਾ ਏਹੋ ਕੰਮ ਹੀ ਨਹੀਂ ਕੀਤਾ ਸਗੋਂ ਆਪਣੀ ਜਿੱਤ ਦੀ ਖੁਸ਼ੀ ਵਿਚ ਸ਼ਰਾਬਾਂ ਪੀਤੀਆਂ ਅਤੇ ਬੱਕਰੇ ਬੁਲਾਏ। ਅਗਲੇ ਦਿਨ ਇਹ ਸੁਨੇਹਾ ਭੇਜ ਦਿਤਾ ਕਿ 18000 ਰੁ: ਦੇ ਕੇ ਆਪਣਾ ਆਦਮੀ ਛੁਡਾ ਲਓ। ਅਮਰੀਕ ਸਿੰਘ ਨੂੰ ਵੀ ਆਪਣੇ ਸੰਤਾਂ ਤੇ ਕਿਹੜਾ ਘੱਟ ਮਾਣ ਸੀ ਉਸਨੇ ਸਾਰੀ ਕਹਾਣੀ ਬਾਬਾ ਲੌਂਗੋਵਾਲ ਨੂੰ ਰੋ ਰੋ ਕੇ ਸੁਣਾਈ ਅਤੇ ਮੁੰਡਿਆਂ ਨੂੰ ਛੁਡਾਉਣ ਲਈ ਕਿਹਾ। ਸੰਤ ਬਾਬਾ ਜੀ ਨੇ ਆਪਣੇ ਮੋਰਚਾ ਡਿਕਟੇਟਰ ਹੋਣ ਕਰਕੇ ਇਹ ਹੇਠੀ ਸਮਝੀ ਕਿ ਮੇਰੀ ਆਗਿਆ ਤੋਂ ਬਿਨਾਂ ਹਰਮੰਦਰ ਸਾਹਿਬ ਦੇ ਅੰਦਰ ਹੀ ਇਹ ਕੁੱਝ ਵਾਪਰ ਰਿਹਾ ਹੈ ਅਤੇ ਵਾਪਰ ਵੀ ਉਸਦੇ ਵਿਸ਼ੇਸ਼ ਸਿੰਘ ਨਾਲ ਰਿਹਾ ਹੈ ਇਹ ਬਰਦਾਸ਼ਤ ਤੋਂ ਬਾਹਰ ਹੈ।

**ਸਮਗਲਰਾਂ ਦੇ ਸਮਝੌਤੇ ਲਈ ਦੋਵਾਂ ਸੰਤਾਂ ਦੀ ਵਿਸ਼ੇਸ਼ ਮੀਟਿੰਗ :**—ਸੰਤ ਲੌਂਗੋਵਾਲ ਨੇ ਭਿੰਡਰਾਂਵਾਲੇ ਨੂੰ ਵਿਸ਼ੇਸ਼ ਮੀਟਿੰਗ ਲਈ ਸੱਦਿਆ। ਮੀਟਿੰਗ ਵਿਚ ਸੰਤਾਂ ਨੇ ਹੁਕਮ ਦਿਤਾ ਕਿ ਦੋਵਾਂ ਸਮਗਲਰਾਂ ਗੁਰਬੀਰ ਅਤੇ ਨੌਕਰ ਨੂੰ ਛੱਡ ਦਿਤਾ ਜਾਵੇ ਪੈਸੇ ਦੇਣ ਦੀ ਜ਼ਾਮਣੀ ਮੈਂ ਭਰਦਾ ਹਾਂ। ਲੌਂਗੋਵਾਲ ਦੇ ਆਦਮੀਆਂ ਨੂੰ ਦਾੜ੍ਹ ਹੇਠ ਆਏ ਛੱਡਣਾ ਭਿੰਡਰਾਂਵਾਲੇ ਦੀ ਨੀਤੀ ਨਹੀਂ ਸੀ। ਇਸ ਕਰਕੇ ਹੀ ਭਿੰਡਰਾਂਵਾਲੇ ਨੇ ਗੱਲ ਟਾਲਣ ਲਈ ਕਿਹਾ ਕਿ ਮੈਂ ਹਰਮਿੰਦਰ ਸੰਧੂ ਨਾਲ ਗੱਲ ਕਰਕੇ ਹੀ ਕੋਈ ਫੈਸਲਾ ਦੇ ਸਕਦਾ ਹਾਂ। ਲੌਂਗੋਵਾਲ ਹੈਰਾਨ ਸੀ ਕਿ ਮੈਂ ਮੋਰਚਾ ਡਿਕਟੇਟਰ, ਸਾਰੇ ਪੰਥ ਦਾ ਵਾਲੀ, ਪਰ ਭਿੰਡਰਾਂਵਾਲਾ ਇਸ ਅਥਾਰਟੀ ਨੂੰ ਮੰਨ ਹੀ ਨਹੀਂ ਰਿਹਾ। ਕੁੱਝ ਸਮੇਂ ਪਿਛੋਂ ਹੀ ਭਿੰਡਰਾਂਵਾਲੇ ਨੇ ਸੁਨੇਹਾ ਭੇਜ ਦਿਤਾ ਕਿ ਪੈਸੇ ਮਿਲਣ ਤੇ ਹੀ ਬੰਦੇ ਰਿਹਾ ਕੀਤੇ ਜਾ ਸਕਦੇ ਹਨ। ਇਸ ਤੇ ਮਾਮਲਾ ਹੋਰ ਵੀ ਉਲਝ ਗਿਆ ਅਤੇ ਇਸ ਭੇਦ ਦੇ ਖੁੱਲ੍ਹ ਜਾਣ ਦਾ ਡਰ ਵੀ ਪੈਦਾ ਹੋ ਗਿਆ।

**ਅਕਾਲ ਰੈਸਟ ਹਾਊਸ ਵਿਚੋਂ ਦੋਵੇਂ ਸਮਗਲਰ ਫਰਾਰ :**—ਰਾਤ ਨੂੰ ਜਦੋਂ ਹਰਮਿੰਦਰ ਸੰਧੂ ਜੁੰਡੀ ਨੇ ਮੌਜ-ਮੇਲੇ ਲਈ ਸ਼ਰਾਬਾਂ ਪੀਤੀਆਂ ਅਤੇ ਨਸ਼ੇ ਵਿਚ ਮਦਹੋਸ਼ ਹੋ ਗਏ ਤਾਂ ਦੋਵੇਂ ਸਮਗਲਰ ਮੌਕਾ ਤਾੜਕੇ ਅਕਾਲ ਰੈਸਟ ਹਾਊਸ ਵਿਚੋਂ ਫਰਾਰ ਹੋ ਗਏ। ਏਥੇ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਭਿੰਡਰਾਂਵਾਲਾ ਇਕ ਪਾਸੇ ਇਹ ਐਲਾਨ ਕਰਦਾ ਹੈ ਕਿ ਜਿਹੜਾ ਵੀ ਅੰਮ੍ਰਿਤ ਛਕ ਕੇ ਸ਼ਰਾਬ ਦਾ ਸੇਵਨ ਕਰਦਾ ਹੈ ਉਸਦਾ ਸਿਰ ਲਾਹ ਦੇਣਾ ਚਾਹੀਦਾ ਹੈ ਪਰ ਉਸਦੀ ਲਾਡਲੀ ਫੌਜ ਕੀ ਕਰ ਰਹੀ ਹੈ ਇਸ ਬਾਰੇ ਸੱਭ ਕੁੱਝ ਜ਼ਾਹਿਰ ਹੈ। ਇਹ ਹੈ ਇਹਨਾਂ ਲੋਕਾਂ ਦੀ ਵੱਡੀ ਮੱਕਾਰੀ। ਇਕ ਪਾਸੇ ਲੋਕਾਂ ਨੂੰ ਗੁਮਰਾਹ ਕਰਕੇ ਅਤੇ ਸਿੱਖ ਅਸੂਲਾਂ ਦੀ ਰੱਖਿਆ ਦੀ ਹਾਲ ਪਾਰਿਆ ਕਰਕੇ, ਗ੍ਰਿਫਤਾਰੀਆਂ ਦਿਤੀਆਂ ਜਾ ਰਹੀਆਂ ਹਨ ਅਤੇ ਕਤਲੇਆਮ ਕਰਵਾਇਆ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਮੋਰਚੇ ਦੇ ਵੱਡੇ ਮੁਦੱਈ ਅਜਿਹੀਆਂ ਕਰਤੂਤਾਂ ਕਰ ਰਹੇ ਹਨ। ਦੋਵਾਂ ਸਮਗਲਰਾਂ ਦੇ ਬਚ ਨਿਕਲਣ ਪਿਛੋਂ ਪਹਿਰੇਦਾਰ ਸਿੰਘ (ਨਸ਼ਾ ਉਤਰਨ ਤੇ) ਹੱਥ ਮਲਦੇ ਹੀ ਰਹਿ ਗਏ ਪਰ ਸ਼ਿਕਾਰ ਤਾਂ ਕਦੋਂ ਦਾ ਹੱਥੋਂ ਨਿੱਕਲ ਚੁੱਕਾ ਸੀ।

**ਅਮਰੀਕ ਸਿੰਘ ਧੜੇ ਨੇ ਬਦਲਾ ਲਿਆ :**—ਅਪਮਾਨ ਦਾ ਬਦਲਾ ਲੈਣ ਲਈ ਅਮਰੀਕ ਸਿੰਘ ਨੇ ਪੁਲਸ ਨਾਲ ਪੂਰੀ ਸਕੀਮ ਬਣਾ ਲਈ ਕਿ ਭਿੰਡਰਾਂਵਾਲੇ ਦੀ ਲਾਡਲੀ ਫੌਜ ਨੂੰ ਰੰਗੇ ਹੱਥੀਂ ਫੜਵਾਏਗਾ। ਇਸ ਸਕੀਮ ਅਧੀਨ ਹੀ ਅਮਰੀਕ ਸਿੰਘ ਨੇ ਸੂਹ ਦੇ ਕੇ ਹਰਮਿੰਦਰ ਸੰਧੂ ਦੇ ਭਰਾ ਉਪਕਾਰ ਸਿੰਘ ਨੂੰ ਰੰਗੇ ਹੱਥੀਂ ਫੜਵਾ ਦਿਤਾ। ਉਸ ਕੋਲੋਂ 4 ਲੱਖ ਦੀ ਹਸ਼ੀਸ਼ ਫੜੀ ਗਈ। ਇਹ ਪਾਕਿਸਤਾਨ ਤੋਂ ਇਕ ਲੱਖ ਰੁਪਏ ਦੀ ਲਿਆਂਦੀ ਗਈ ਸੀ।

**ਸੰਧੂ ਅਤੇ ਉਪਕਾਰ ਉਪਰ ਸਮਗਲਿੰਗ ਦੇ ਕੇਸ ਦਰਜ :**— ਪੁਲਸ ਨੇ ਇਹਨਾਂ ਦੋਵਾਂ ਉਪਰ ਸਮਗਲਿੰਗ ਦਾ ਕੇਸ ਦਰਜ ਕਰ ਦਿਤਾ, ਕੁੱਝ ਦਿਨਾਂ ਪਿਛੋਂ ਭਿੰਡਰਾਂਵਾਲੇ ਨੇ ਕੇਂਦਰ ਵਿਚਲਾ ਆਪਣਾ ਅਸਰ ਰਸੂਖ ਵਰਤਕੇ ਉਪਕਾਰ ਸਿੰਘ ਦੀ ਜ਼ਮਾਨਤ ਕਰਵਾ ਲਈ। ਇਹ ਖਬਰ ਅਖਬਾਰਾਂ ਵਿਚ 26 ਮਾਰਚ ਨੂੰ ਉਸ ਸਮੇਂ ਛਪੀ ਜਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸੰਧੂ ਨੂੰ ਕੱਢਣ ਦਾ ਐਲਾਨ ਕਰ ਦਿਤਾ।

**"ਸੰਧੂ ਅਤੇ ਮਹਿਤਾ ਫੈਡਰੇਸ਼ਨ ਤੋਂ ਮੁਅਤਲ":**-- ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸੈਕ-ਟਰੀ ਹਰਮਿੰਦਰ ਸਿੰਘ ਸੰਧੂ ਅਤੇ ਸਕੱਤਰ ਰਾਜਿੰਦਰ ਸਿੰਘ 'ਮਹਿਤਾ' ਨੂੰ ਫੈਡਰੇਸ਼ਨ ਵਿਚੋਂ ਮੁਅਤਲ ਕਰ ਦਿਤਾ ਗਿਆ ਹੈ। ਇਹਨਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਵੀ ਕੀਤੇ ਗਏ ਹਨ। ਫੈਡਰੇਸ਼ਨ ਦੇ ਸੂਤਰਾਂ ਅਨੁਸਾਰ ਦੋਵਾਂ ਨੇਤਾਵਾਂ ਵਿਰੁੱਧ ਸਮਗਲਿੰਗ ਦੇ ਕੇਸ ਦਰਜ ਹੋਣ ਕਾਰਨ ਇਹ ਕਾਰਵਾਈ ਕੀਤੀ ਗਈ ਹੈ। (ਜੱਗਬਾਣੀ 26 ਮਾਰਚ, 1983)

**ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੋ-ਫਾੜ :**— ਹਰਮਿੰਦਰ ਸੰਧੂ ਨੂੰ ਇਸ ਘਟਨਾ ਤੋਂ ਬਹੁਤ ਗੁੱਸਾ ਆਇਆ ਉਹ ਤਾਂ ਹੁਣ ਤੱਕ ਇਹ ਹੀ ਸਮਝਦਾ ਆ ਰਿਹਾ ਸੀ ਕਿ ਫੈਡਰੇਸ਼ਨ ਦੇ ਆਗੂ ਹੋਣ ਦਾ ਮਤਲਬ ਸਮਗਲਿੰਗ ਦਾ ਧੰਦਾ ਬੰਦ ਕਰਨਾ ਨਹੀਂ। ਇਸ ਕਰਕੇ ਹੀ ਸੰਧੂ ਨੇ ਆਪਣੇ ਟੋਲੇ ਨੂੰ ਅੰਮ੍ਰਿਤਸਰ ਵਿਚ ਇਕੱਠੇ ਕਰਕੇ ਸੰਤ ਭਿੰਡਰਾਂਵਾਲੇ ਦੀ ਥਾਪੀ ਦੁਆਕੇ ਆਪਣੀ ਫੈਡਰੇਸ਼ਨ ਦੀ ਵੱਖਰੀ ਮੀਟਿੰਗ ਸੱਦ ਲਈ, ਸ਼ਾਇਦ ਇਸ ਕਰਕੇ ਕਿ ਹੁਣ ਜੋ ਮਰਜ਼ੀ ਹੈ ਧੰਦਾ ਕੀਤਾ ਜਾ ਸਕਦਾ ਹੈ। ਦੂਸਰੇ ਪਾਸੇ ਸੰਤ ਬਾਬਾ ਲੌਂਗੋਵਾਲ ਦੀ ਥਾਪਨਾ ਨਾਲ ਚੰਡੀਗੜ੍ਹ ਵਿਚ ਗੁਰਟਿਕਬਾਲ ਸਿੰਘ ਨੇ ਆਪਣੀ ਵੱਖਰੀ ਫੈਡਰੇਸ਼ਨ ਕਾਇਮ ਕਰ ਲਈ। ਇਸ ਪਿਛੋਂ ਦੋਹਾਂ ਨੇ ਹੀ ਇਕ ਦੂਸਰੇ ਦੇ ਪੜਦੇ ਖੋਲ੍ਹਣੇ ਸ਼ੁਰੂ ਕਰ ਦਿਤੇ।

**ਪਾਕਿਸਤਾਨੀ ਸਮਗਲਰਾਂ ਨੂੰ, ਹਸ਼ੀਸ਼ ਦਾ ਇਕ ਲਖ ਰੁਪਇਆ ਦੇਣਾ ਹੀ ਪਿਆ:**— ਹਰਮਿੰਦਰ ਵਲੋਂ ਪਾਕਿਸਤਾਨੀ ਸਮਗਲਰਾਂ ਨੂੰ ਫੜੀ ਗਈ ਹਸ਼ੀਸ਼ ਦਾ ਇਕ ਲੱਖ ਰੁਪਇਆ ਦੇਣ ਤੋਂ ਇਨਕਾਰ ਕਰ ਦਿਤਾ ਗਿਆ ਅਤੇ ਨਾਲ ਹੀ ਉਹਨਾਂ ਨੂੰ ਸੁਨੇਹਾ ਭੇਜ ਦਿਤਾ ਕਿ ਜੇ ਪੈਸੇ ਮੰਗਣ ਦੀ ਜੁਅਰਤ ਕੀਤੀ ਤਾਂ ਬੁਰਾ ਹਾਲ ਕਰਾਂਗੇ। ਸੰਧੂ ਨੂੰ ਹੁਣ ਇਹ ਵੀ ਮਾਣ ਸੀ ਕਿ ਅਸੀਂ ਪੰਜਾਬ ਵਿਚ ਕਿਸੇ ਨੂੰ ਖੰਘਣ ਨਹੀਂ ਦਿੰਦੇ ਇਹਨਾਂ ਮੁਸਲਮਾਨਾਂ ਦੀ ਇਹ ਜੁਅਰਤ ਕਿਵੇਂ ਪੈ ਜਾਊ। **ਸੰਧੂ ਦੀ ਹੈਂਕੜ ਭੰਨਣ ਲਈ ਅਤੇ ਪੈਸੇ ਉਗਰਾਉਣ ਲਈ ਪਾਕਿਸਤਾਨੀ ਸਮਗਲਰਾਂ ਦੁਆਰਾ ਸੰਧੂ ਦੇ ਭਰਾ ਉਪਕਾਰ ਨੂੰ ਅਗਵਾ ਕਰਕੇ ਪਾਕਿਸਤਾਨ ਲਿਜਾਇਆ ਗਿਆ।** ਪਾਕਿਸਤਾਨੀ ਸਮਗਲਰਾਂ ਨੇ ਅਮਰੀਕ ਸਿੰਘ ਦੀ ਮਦਦ ਲੈਕੇ ਗੁਰਬੀਰ ਸਿੰਘ ਰਾਹੀਂ ਉਪਕਾਰ ਨੂੰ ਬ੍ਰਾਹਮਣਾਂ ਦੀ ਕੋਠੀ ਵਿਚ ਬੁਲਾਇਆ ਉਥੋਂ ਪਾਕਿਸਤਾਨੀ ਸਮਗਲਰ ਉਸਨੂੰ ਨੂੜਕੇ ਕਾਰ ਰਾਹੀਂ ਰਾਤੋ

ਰਾਤ ਪਾਕਿਸਤਾਨ ਲੈ ਗਏ । ਜਾ ਕੇ ਸੁਨੇਹਾ ਭੇਜ ਦਿਤਾ ਕਿ ਇਕ ਲੱਖ ਰੁਪਿਆ ਦੇ ਕੇ ਆਪਣਾ ਬੰਦਾ ਲੈ ਜਾਓ । ਭਿੰਡਰਾਂਵਾਲੇ ਦੇ ਚੇਲਿਆਂ ਲਈ ਇਹ ਇਕ ਬਹੁਤ ਵੱਡੀ ਚੁਣੌਤੀ ਸੀ । ਇਸ ਕਾਰਵਾਈ ਨਾਲ ਸੰਧੂ ਦੀ ਸਾਰੀ ਹੈਂਕੜ ਮਿੱਟੀ ਵਿਚ ਮਿਲ ਗਈ । ਗੁੱਸੇ ਵਿਚ ਲਾਲ ਪੀਲੇ ਹੋਏ ਵੱਡੇ ਬਹਾਦਰਾਂ ਨੇ ਸੰਤਾਂ ਦੀ ਥਾਪਣਾ ਲੈ ਕੇ ਇਕ ਅੱਤ ਘਿਨਾਉਣਾ ਕਾਰਨਾਮਾ ਕੀਤਾ ।

**ਪੰਡਤਾਂ ਦੀ ਖੂਬਸੂਰਤ ਲੜਕੀ ਨੂੰ ਚੁਕਵਾ ਕੇ ਅਕਾਲ ਰੈਸਟ ਹਾਊਸ ਵਿਚ ਲੈ ਆਂਦਾ :—** ਧਰਮਯੁੱਧ ਚਲਾਉਣ ਵਾਲੇ ਮਹਾਂਰਥੀਆਂ ਨੇ ਆਪਣੇ ਅਸਲੀ ਖਾਸੇ ਨੂੰ ਨੰਗਾ ਕਰਦਿਆਂ ਹੋਇਆਂ ਅੰਮ੍ਰਿਤਸਰ ਸ਼ਹਿਰ ਵਿਚੋਂ ਹੀ ਅਮਰੀਕ ਸਿੰਘ ਦੇ ਵਿਸ਼ੇਸ਼ ਅੱਡੇ ਤੋਂ (ਜਿਸ ਰਾਹੀਂ ਉਪਕਾਰ ਨੂੰ ਅਗਵਾ ਕੀਤਾ ਸੀ) ਪੰਡਤਾਂ ਦੀ ਨੌਜੁਆਨ ਲੜਕੀ ਨੂੰ ਚੁੱਕਕੇ ਜੀਪ ਵਿਚ ਸੁੱਟ ਲਿਆ ਤੇ ਅਕਾਲ ਰੈਸਟ ਹਾਊਸ ਵਿਚ ਇਕ ਕਮਰੇ'ਚ ਬੰਦ ਕਰ ਦਿਤਾ। ਫਿਰ ਸੰਤਾਂ ਨਾਲ ਸਲਾਹ ਮਸ਼ਵਰਾ ਕਰਕੇ ਅਮਰੀਕ ਸਿੰਘ ਨੂੰ ਸੁਨੇਹਾ ਭੇਜ ਦਿਤਾ ਕਿ ਜਿੰਨਾ ਚਿਰ ਉਪਕਾਰ ਸਿੰਘ ਨੂੰ ਵਾਪਸ ਨਹੀਂ ਕਰਦੇ, ਅਸੀਂ ਇਸ ਲੜਕੀ ਨੂੰ ਆਪਣੇ ਕਬਜ਼ੇ ਵਿਚ ਰੱਖਾਂਗੇ ।

ਸ਼ਰਾਬ ਦੇ ਨਸ਼ੇ ਵਿਚ ਧੁੱਤ ਭਿੰਡਰਾਂਵਾਲੇ ਦੇ ਚੇਲਿਆਂ ਦੇ ਦੋ ਸਿੰਘਾਂ ਨੂੰ ਹਰ ਰੋਜ਼ ਉਸ ਲੜਕੀ ਵਾਲੇ ਕਮਰੇ ਵਿਚ ਰੱਖਣ ਦੀ ਸਾਜ਼ਸ਼ ਰਚੀ ਗਈ । ਉਸ ਲੜਕੀ ਨੇ ਇਹਨਾਂ ਬਰਖੁਰਦਾਰਾਂ ਨੂੰ ਲਾਹਨਤਾਂ ਪਾਈਆਂ ਅਤੇ ਕਿਹਾ ਕਿ ਜੇ ਕਿਸੇ ਵੀ ਬਦਮਾਸ਼ ਨੇ ਬਦਚਲਣੀ ਕੀਤੀ ਤਾਂ ਮੈਂ ਉਪਰਲੀ ਮੰਜ਼ਲ ਤੋਂ ਛਾਲ ਮਾਰਕੇ ਹਰਮੰਦਰ ਸਾਹਿਬ ਦੇ ਅੰਦਰ ਹੀ ਖੁਦਕਸ਼ੀ ਕਰਾਂਗੀ । ਫਿਰ ਜ਼ਿਆਦਾ ਰੌਲਾ ਰੱਪਾ ਪੈਣ ਕਰਕੇ ਇਹਨਾਂ ਨੇ ਉਸਨੂੰ ਇਕ ਕਮਰੇ ਵਿਚ ਬੰਦ ਕਰ ਦਿਤਾ ।

**ਅਮਰੀਕ ਸਿੰਘ ਨੇ ਬਾਬਾ ਲੌਂਗੋਵਾਲ ਨੂੰ ਸਾਰੀ ਕਹਾਣੀ ਦੱਸੀ :—** ਬਾਬਾ ਜੀ ਨੇ ਆਪਣਾ ਬਦਲਾ ਲੈਣ ਲਈ ਵਧੀਆ ਮੌਕਾ ਸਮਝਿਆ ਅਤੇ ਸਾਰੇ ਅਕਾਲੀ ਆਗੂਆਂ ਵਿਚ ਇਹ ਪ੍ਰਚਾਰਿਆ ਕਿ ਅਸੀਂ ਬ੍ਰਾਹਮਣਾਂ ਦੀਆਂ ਕੁੜੀਆਂ ਨੂੰ ਛੁਡਾਉਂਦੇ ਰਹੇ ਹਾਂ ਅਤੇ ਅੱਜ ਇਹ ਲੋਕ ਇਨ੍ਹਾਂ ਦੀਆਂ ਕੁੜੀਆਂ ਨੂੰ ਚੁੱਕ ਕੇ ਅਕਾਲ ਰੈਸਟ ਹਾਊਸ ਵਿਚ ਰੱਖ ਰਹੇ ਹਨ । ਇਸ ਬਦਨਾਮੀ ਤੋਂ ਬਚਣ ਲਈ ਭਿੰਡਰਾਂ ਵਾਲੇ ਨੇ ਹੁਕਮ ਦਿਤਾ ਕਿ ਕੁੜੀ ਨੂੰ ਛੱਡ ਦਿਉ । ਕੁੜੀ ਨੂੰ ਤਾਂ ਛੱਡ ਦਿਤਾ ਗਿਆ ਪਰ ਉਪਕਾਰ ਨੂੰ ਵਾਪਸ ਕਰਵਾਉਣ ਲਈ ਅਮਰੀਕ ਸਿੰਘ ਉਪਰ ਅਗਵਾ ਦਾ ਕੇਸ ਦਰਜ ਕਰਵਾਇਆ ਅਤੇ ਉਸਨੂੰ ਪੁਲਸ ਰਾਹੀਂ ਥਾਣੇ ਬੰਦ ਕਰਵਾ ਦਿਤਾ ਪਰ ਥੋੜੇ ਸਮੇਂ ਪਿਛੋਂ ਹੀ ਲੌਂਗੋਵਾਲ ਨੇ ਉਸ ਨੂੰ ਛੁਡਵਾ ਲਿਆ ।

**ਇਕ ਲੱਖ ਰੁਪਇਆ ਦੇਣਾ ਹੀ ਪਿਆ :—** ਜਦੋਂ ਸੰਤਾਂ ਦੀ ਉਪਕਾਰ ਸਿੰਘ ਨੂੰ ਵਾਪਸ ਮੰਗਵਾਉਣ ਦੀ ਕੋਈ ਵਾਹ ਪੇਸ਼ ਨਾ ਗਈ ਤਾਂ ਅੰਤ ਵਿਚ ਪੈਸਾ ਇਕੱਠਾ ਕੀਤਾ ਗਿਆ । ਇਸ ਮਾਮਲੇ ਵਿਚ ਸੰਤ (ਭਿੰਡਰਾਂਵਾਲੇ) ਨੇ ਸਿੱਧੇ ਤੌਰ ਤੇ ਆਪਣੇ ਕੋਲੋਂ ਪੈਸਾ ਨਾ ਦਿਤਾ ਅਤੇ ਕੁੱਝ ਪੈਸਾ ਅੰਦਰਗਤੀ ਸੰਧੂ ਨੂੰ ਦਿਤਾ ਅਤੇ ਕੁੱਝ ਪੈਸਾ ਸੰਧੂ ਨੂੰ ਆਪ ਪ੍ਰਾਪਤ ਕਰਨ ਲਈ ਕਿਹਾ । ਅੰਤ ਵਿਚ 70 ਹਜ਼ਾਰ ਰੁਪਇਆ ਇਕੱਠਾ ਕਰ ਲਿਆ ਗਿਆ ਅਤੇ 30 ਹਜ਼ਾਰ ਦਾ ਜਮਾਨਤੀਆ ਪੁਆਕੇ ਪਾਕਿਸਤਾਨੀ ਸਮਗਲਰਾਂ ਨੂੰ ਭੇਜਿਆ ਗਿਆ । ਪੈਸਾ ਮਿਲਣ ਪਿਛੋਂ ਪਾਕਿਸਤਾਨੀ ਸਮਗਲਰਾਂ ਨੇ ਉਪਕਾਰ ਸਿੰਘ ਨੂੰ ਤਾਂ ਭਾਰਤ ਪਹੁੰਚਾ ਦਿਤਾ ਪਰ ਜਦੋਂ ਸੰਧੂ ਨੇ ਆਪਣੇ ਭਰਾ ਦੀ ਸ਼ਕਲ ਵੇਖੀ ਤਾਂ ਉਸਦੇ ਪੈਰਾਂ ਦੀ ਮਿੱਟੀ ਨਿਕਲ ਗਈ। **ਉਪਕਾਰ ਦੇ ਮੂੰਹ ਉਤੇ ਕੋਈ ਵਾਲ ਨਹੀਂ ਸੀ. ਸਿਰ ਵੀ ਘੋਨਾ ਕਰ ਦਿਤਾ ਗਿਆ ਸੀ । ਆਪਣਾ ਸਿੱਖੀ ਸਰੂਪ ਗੁਆ ਕੇ ਘਰ ਪਹੁੰਚਿਆ ਉਪਕਾਰ ਅੱਜ ਕੱਲ ਘਰੋਂ ਬਾਹਰ ਘੱਟ ਹੀ ਨਿਕਲਦਾ ਹੈ** ਕਿਉਂਕਿ ਲੋਕੀ ਸੁਆਲ ਕਰਦੇ ਹਨ ਕਿ ਲੋਕਾਂ ਨੂੰ ਅੰਮ੍ਰਿਤ ਛਕਾਉਣ ਅਤੇ ਕੇਸਾਂ ਦੀ ਬੇ-ਅਦਬੀ ਨਾ ਕਰਨ ਦਾ ਹੋਕਾ ਦੇਣ ਵਾਲੇ ਇਹਨਾਂ ਸਿੰਘਾਂ ਨੇ **ਜੇ ਆਪ ਹੀ ਮੂੰਹ ਸਿਰ ਮੁਨਾਉਣਾ ਸ਼ੁਰੂ ਕਰ ਦਿਤਾ ਤਾਂ ਸਿੱਖੀ ਦਾ ਕੀ ਬਣੂ ?**

ਇਹ ਹੈ ਉਪ੍ਰੋਕਤ ਕਹਾਣੀ ਉਹਨਾਂ ਮਰਦਾਂ ਦੀ ਜਿਹੜੇ ਪਿਛਲੇ ਕੁੱਝ ਸਮੇਂ ਤੋਂ ਪੰਜਾਬ ਅੰਦਰ ਆਪਣੇ ਆਪ ਨੂੰ ਮਹਾਂ ਗੁਰਸਿੱਖ ਪੂਰੇ ਰਹਿਤ ਮਰਯਾਦਾ ਵਾਲੇ ਅਤੇ ਸ਼ਸਤਰਧਾਰੀ ਰੂਪ ਅਖਤਿਆਰ ਕਰਕੇ ਗੁਰਧਾਮਾਂ ਦੀ ਰੱਖਿਆ ਕਰਨ ਦੀਆਂ ਡੀਂਗਾਂ ਮਾਰ ਰਹੇ ਹਨ । ਉਹਨਾਂ ਦੀਆਂ ਨਜ਼ਰਾਂ ਵਿਚ ਬਾਕੀ ਸਾਰੇ ਸਿੱਖ (ਜਿਹੜੇ ਸ਼ਸਤਰਧਾਰੀ ਨਹੀਂ) ਹਰਾਮ ਦੇ ਹਨ । ਪਰ ਜਦੋਂ ਅਸੀਂ ਗੁਰੂ ਨਾਨਕ ਨਿਵਾਸ, ਅਕਾਲ ਰੈਸਟ ਹਾਊਸ ਅਤੇ ਹਰਿਮੰਦਰ ਸਾਹਿਬ ਅੰਦਰ ਵਾਪਰ ਰਹੀਆਂ ਅਨੇਕਾਂ ਘਟਨਾਵਾਂ ਨੂੰ ਵੇਖਦੇ ਹਾਂ ਤਾਂ ਲੱਗਦਾ ਹੈ ਕਿ ਮਾਡਰਨ ਕਿਸਮ ਦੇ ਇਹ ਸੰਤ ਪਿਛਲੇ ਸਾਰੇ **ਮਸੰਦਾਂ** ਨੂੰ ਮਾਤ ਪਾ ਰਹੇ ਹਨ ।





# Jay's Travel Ltd.

10421 - 80 Avenue, Edmonton, Alta. T6E 1V1
Ph. 403(432-7017)-4 lines

**COMPLETE TRAVEL SERVICE—WORLDWIDE**

*Reservations for Airlines, Steamships, Group Cruises, Vacation Planning, All Inclusive Packages, Hotels, Rent A Car, Tours*

**UNBEATABLE RATES TO**

*India, Pakistan, Sri Lanka, East Africa and Lebanon*

## (੨)

## 14 ਫਰਵਰੀ ਦਾ ਬੇਲੋੜਾ ਅਤੇ ਭੜਕਾਊ ਬੰਦ

(ਰਿਸਾਲਾ ਦਸਤਾ ਦਾ ਇੱਕ ਸੰਪਾਦਕੀ)

ਅਸਲ ਵਿਚ 14 ਫਰਵਰੀ ਦਾ ਬੰਦ 8 ਫਰਵਰੀ ਦਾ ਜਵਾਬੀ ਬੰਦ ਹੀ ਸੀ। 8 ਫਰਵਰੀ ਦੇ ਬੰਦ ਦਾ ਸੱਦਾ ਅਕਾਲੀ ਦਲ ਵਲੋਂ ਦਿੱਤਾ ਗਿਆ ਸੀ। ਇਸ ਬੰਦ ਦੇ ਸੱਦੇ ਤੋਂ ਪਹਿਲਾਂ ਅਕਾਲੀ ਦਲ ਨੇ ਆਪਣੀਆਂ ਸਫ਼ਾਂ, ਆਮ ਲੋਕਾਂ ਅਤੇ ਸਰਕਾਰੀ ਹਲਕਿਆਂ ਵਿਚ ਇਕ ਖਾਸ ਪ੍ਰਕਾਰ ਦੀ ਉਤਸੁਕਤਾ, ਫਿਕਰ ਅਤੇ ਸਨਸਨੀ ਦਾ ਪ੍ਰਭਾਵ ਦੇਣ ਦਾ ਯਤਨ ਕੀਤਾ ਜਿਵੇਂ ਕਿ ਕੁਝ ਬਹੁਤ ਵੱਡੀ ਤੇ 'ਫੈਸਲਾਕੁੰਨ ਟੱਕਰ' ਹੋਣ ਵਾਲੀ ਹੁੰਦੀ ਹੈ। ਪਰ ਅਕਾਲੀ ਦਲ ਦੇ ਅੰਦਰੂਨੀ ਮਤਭੇਦਾਂ, ਖਿੱਚੋਤਾਣ, ਸਰਕਾਰ ਨਾਲ ਚੱਲਦੀ ਗੁਪਤ ਸਮਝੌਤਾ ਵਾਰਤਾ ਅਤੇ ਭਿੰਡਰਾਂਵਾਲੇ ਦੇ ਅੱਤਵਾਦੀ ਟੋਲੇ ਨਾਲ ਵਿਰੋਧਾਂ ਕਾਰਨ, ਅਕਾਲੀ ਦਲ ਨੇ ਸਿਰਫ਼ ਪੰਜਾਬ ਬੰਦ ਦਾ ਸੱਦਾ ਹੀ ਦਿੱਤਾ। ਸੱਦੇ ਤੋਂ ਪਹਿਲਾਂ ਦੀ ਜਿਹਨੀ ਤਣਾਉ ਤੇ ਸੰਭਵ ਵਿਸਫੋਟਕ ਸਥਿਤੀ ਦੇ ਖਤਰੇ ਕਾਰਨ ਇਹ ਕਾਰਵਾਈ ਕਾਫ਼ੀ ਨਰਮ ਸਮਝੀ ਗਈ ਤੇ ਵੱਡੇ ਖਤਰੇ ਤੋਂ ਰਹਿਤ ਵੀ। ਇਸ ਕਰਕੇ ਇਸ ਦਾ ਸੁਆਗਤ ਲੱਗ ਪੱਗ ਸਾਰੀਆਂ ਹੀ ਸਿਆਸੀ ਪਾਰਟੀਆਂ ਵਲੋਂ ਕੀਤਾ ਗਿਆ। ਸਿੱਟੇ ਵਜੋਂ 8 ਫਰਵਰੀ ਦਾ ਬੰਦ ਸਮੁੱਚੇ ਤੌਰ ਤੇ ਸਫਲ ਤੇ ਮੁੱਖ ਰੂਪ ਵਿਚ ਸ਼ਾਂਤੀਪੂਰਨ ਰਿਹਾ। ਸਿਰਫ਼ ਦੋ ਤਿੰਨ ਵੱਡੇ ਸ਼ਹਿਰਾਂ ਵਿਚ ਹੀ ਕੁਝ ਹਿੰਸਕ ਘਟਨਾਵਾਂ ਵਾਪਰੀਆਂ। ਅਕਾਲੀ ਦਲ ਇਸ ਬੰਦ ਵਿਚੋਂ ਸਿਆਸੀ ਖੱਟੀ ਖੱਟ ਕੇ ਨਿਕਲਿਆ।

ਪਰ ਪੰਜਾਬ ਤੇ ਹਰਿਆਣੇ ਦੇ ਮੁੱਠੀ ਭਰ ਫ਼ਿਰਕੂ ਹਿੰਦੂ ਜਨੂੰਨੀਆਂ ਨੂੰ ਇਹ ਸਫਲਤਾ ਜ਼ਹਿਰ ਵਾਂਗ ਲੱਗੀ। 'ਸਿੱਖਾਂ ਦੀ ਚੜ੍ਹਤ ਤੇ ਸਫਲਤਾ' ਨੂੰ ਉਨਾਂ ਨੇ ਆਪਣੀ ਫ਼ਿਰਕੂ ਨਜ਼ਰ ਨਾਲ ਹੀ ਦੇਖਿਆ ਅਤੇ ਕਿਸੇ ਬਰਾਬਰ ਦੀ ਜਵਾਬੀ ਕਾਰਵਾਈ ਰਾਹੀਂ, ਇਸ ਆਪਣੀ ਫ਼ਿਰਕਾ ਪ੍ਰਸਤੀ ਨੂੰ ਤਕੜਿਆਂ ਕਰਨ ਦੀ ਠਾਣ ਲਈ। ਉਧਰ 8 ਤਰੀਕ ਦੇ ਬੰਦ ਦੇ ਅਸਰ ਤਹਿਤ ਕੇਂਦਰੀ ਇੰਦਰਾ-ਕਾਂਗਰਸ ਸਰਕਾਰ ਨੇ ਤਿੰਨ ਧਿਰੀ ਗੱਲਬਾਤ ਮੁੜ ਸ਼ੁਰੂ ਕਰਨ ਲਈ 14 ਫਰਵਰੀ ਦੀ ਤਰੀਕ ਦਾ ਐਲਾਨ ਕਰ ਦਿੱਤਾ ਅਤੇ ਦੂਸਰੇ ਪਾਸੇ ਫ਼ਿਰਕੂ ਹਿੰਦੂ ਆਗੂਆਂ ਨੇ 14 ਤਰੀਕ ਨੂੰ ਜਵਾਬੀ ਪੰਜਾਬ ਬੰਦ ਦਾ ਸੱਦਾ ਦੇ ਮਾਰਿਆ।

ਜਿੱਥੇ ਆਪਣੇ ਵਿਰੋਧੀ ਫਿਰਕੇ ਦੇ ਆਗੂਆਂ ਦੇ ਬੰਦ ਦੀ ਸਫਲਤਾ ਮੁੱਠੀ ਭਰ ਹਿੰਦੂ ਫਿਰਕਾ ਪ੍ਰਸਤਾਂ ਨੂੰ ਬਹੁਤ ਚੁੱਭੀ, ਉਥੇ ਇੰਦਰਾ-ਕਾਂਗਰਸ ਨੂੰ ਵੀ ਆਪਣੀ ਵਿਰੋਧੀ ਸਿਆਸੀ ਧਿਰ ਅਕਾਲੀ ਦਲ ਦੀ ਸਫਲਤਾ ਵੀ ਬਹੁਤ ਰੜਕੀ। 14 ਫਰਵਰੀ ਦੇ ਬੰਦ ਵੇਲੇ ਅਤੇ ਇਸਦੇ ਮਗਰੋਂ ਹੁਣ ਤੱਕ ਜਿਹੜੀ ਸਥਿਤੀ ਪੰਜਾਬ ਅਤੇ ਹਰਿਆਣਾ ਵਿਚ ਸਾਹਮਣੇ ਆਈ ਹੈ, ਉਸ ਨੇ ਦਰਸਾ ਦਿੱਤਾ ਹੈ ਕਿ ਇੰਦਰਾ-ਕਾਂਗਰਸੀਆਂ ਨੇ ਹਿੰਦੂ ਫਿਰਕਾਪ੍ਰਸਤਾਂ ਨੂੰ ਸ਼ਹਿ ਦਿੱਤੀ ਹੈ ਅਤੇ ਸਾਜ਼ੀ ਤੇ ਗੁਪਤ ਸਾਜ਼ਿਸ਼ ਰਾਹੀਂ, ਦੋਹਾਂ ਗੁਆਂਢੀ ਸੂਬਿਆਂ ਦੇ ਵਾੜ ਵਰਣ ਵਿਚ ਵੱਡੀ ਪੱਧਰ ਤੇ ਜ਼ਹਿਰ ਫੈਲਿਆ ਹੈ।

ਅਕਾਲੀ ਦਲ ਦਾ 'ਧਰਮ ਯੁੱਧ' ਪਿਛਲੇ ਡੇਢ-ਦੋ ਸਾਲ ਤੋਂ ਚੱਲਦਾ ਆ ਰਿਹਾ ਹੈ। ਅਸੀਂ ਵਾਰ ਵਾਰ ਦਰਸਾ ਚੁੱਕੇ ਹਾਂ ਕਿ ਇਸ "ਧਰਮ ਯੁੱਧ" ਦਾ ਕੇਂਦਰੀ ਨਿਸ਼ਾਨਾ ਅਕਾਲੀ ਦਲ ਵਲੋਂ ਪੰਜਾਬ ਵਿਚ ਸਿਆਸੀ ਤਾਕਤ ਤੇ ਕਬਜ਼ਾ ਕਰਨਾ ਹੀ ਹੈ। ਇਸ ਤੋਂ ਬਿਨਾਂ ਕੱਟੜ ਸਨਾਤਨਵਾਦੀ ਤੇ ਅੱਤਵਾਦੀ ਭਿੰਡਰਾਂਵਾਲੇ ਦੇ ਕਾਤਲ ਟੋਲੇ ਦੀਆਂ ਗ਼ੈਰ-ਮਨੁੱਖੀ ਤੇ ਵਹਿਸ਼ੀ ਕਾਰਵਾਈਆਂ ਵੀ ਕਾਫ਼ੀ ਸਮੇਂ ਤੋਂ ਜਾਰੀ ਹਨ। ਇਹ ਟੋਲਾ, 'ਧਰਮ-ਯੁੱਧ' ਦੀ ਆੜ ਵਿਚ ਆਪਣਾ ਉੱਲੂ ਵੀ ਸਿੱਧਾ ਕਰਦਾ ਰਿਹਾ ਹੈ। ਪਰ ਤਦ ਵੀ ਪੰਜਾਬ ਵਿਚ ਸਥਿਤੀ ਇਸ ਤਰਾਂ ਦੀ ਨਹੀਂ ਸੀ ਬਣੀ ਕਿ ਵੱਡੇ ਪੱਧਰ ਤੇ ਲੁੱਟਮਾਰ, ਸਾੜ-ਫੂਕ, ਫਿਰਕੂ ਹਮਲੇ ਸਾਹਮਣੇ ਆਏ ਹੋਣ। ਸਿੱਖ ਅਤਵਾਦੀ ਟੋਲੇ ਦੀ ਨਿੰਦਾ ਵੀ ਬਰਾਬਰ ਕੀਤੀ ਜਾਂਦੀ ਰਹੀ ਹੈ। 4 ਅਪਰੈਲ ਦੇ ਰਸਤਾ ਰੋਕੋ ਅਤੇ ਮਗਰੋਂ ਜੂਨ ਦੇ ਰੇਲ ਰੋਕੋ ਐਕਸ਼ਨ ਦੌਰਾਨ ਵੀ, ਹਿੰਦੂ-ਸਿੱਖਾਂ ਦੇ ਵਿਚਕਾਰ ਕੋਈ ਖਾਸ ਟਕਰਾਉ ਪੈਦਾ ਨਹੀਂ ਹੋ ਸਕਿਆ। 14 ਫਰਵਰੀ ਦੇ ਬੰਦਧਾਰੀਆਂ ਨੇ ਜਿਸ ਤਰਾਂ ਗਿਣ-ਮਿਥ ਕੇ ਇਕ ਸਾਜ਼ਿਸ਼ ਰਾਹੀਂ, ਦੂਸਰੇ ਫਿਰਕੇ ਦੇ ਲੋਕਾਂ ਦੀ ਜਾਨ-ਜਾਇਦਾਦ ਉਪਰ ਹਮਲੇ ਕੀਤੇ ਅਤੇ ਜਿਸ ਤਰਾਂ ਬੰਦ ਨੂੰ ਦੂਸਰੇ ਫਿਰਕੇ ਉਪਰ ਠੋਸਿਆ, ਉਹ ਬਹੁਤ ਹੀ ਘਿਰਣਤ ਕਾਰਵਾਈ ਬਣਕੇ ਸਾਹਮਣੇ ਆਇਆ।

ਇਹ ਸਪਸ਼ਟ ਹੈ ਕਿ 8 ਫਰਵਰੀ ਦੇ ਅਕਾਲੀ ਦਲ ਦੇ ਬੰਦ ਨੇ ਦੂਸਰੇ ਫਿਰਕੇ ਦੇ ਲੋਕਾਂ ਉਪਰ ਬੰਦ ਨੂੰ ਉਸ ਪੱਧਰ ਤੇ ਜਬਰੀ ਤੌਰ ਤੇ ਨਹੀਂ ਠੋਸਿਆ, ਜਿਸ ਪੱਧਰ ਤੇ 14 ਫਰਵਰੀ ਦੇ ਬੰਦਧਾਰੀਆਂ ਨੇ ਠੋਸਿਆ। 8 ਦੇ ਬੰਦ ਦਾ ਸੱਦਾ ਦੇ ਕੇ ਜਿਥੇ ਅਕਾਲੀ ਦਲ ਨੇ ਆਪਣੇ ਪਹਿਲੇ ਦਾਅਵਿਆਂ ਤੋਂ ਪਿਛੇ ਹਟਣਾ ਉਚਿੱਤ ਸਮਝਿਆ; ਉਥੇ ਗਵਰਨਰੀ-ਰਾਜ ਨੇ ਅਤੇ ਕੇਂਦਰੀ ਸਰਕਾਰ ਨੇ ਵੀ ਇਕ ਕਦਮ ਪਿਛੇ ਹਟਣਾ ਉਚਿੱਤ ਸਮਝਿਆ। ਕਿਉਂਕਿ ਪਿਛਲੇ ਦੋ ਐਕਸ਼ਨ ਦਰਸਾ ਚੁੱਕੇ ਸਨ, ਸਰਕਾਰੀ ਮਸ਼ੀਨਰੀ ਦੇ ਜਬਰ ਨਾਲ ਕਾਂਗਰਸ ਸਰਕਾਰ ਦੇ ਅਤੇ ਪਾਰਟੀ ਦੇ ਵਕਾਰ ਨੂੰ ਕਾਫ਼ੀ ਧੱਕਾ ਲੱਗਦਾ ਰਿਹਾ ਸੀ। ਪਰ ਹਿੰਦੂ ਫਿਰਕਾ ਪ੍ਰਸਤ ਜੁੰਡੀ ਸਾਰਾ ਕੁਝ ਆਪਣੀ ਹੀ ਮਰਜ਼ੀ ਤੇ ਲਾਭ ਹਿੱਤ ਕਰਨਾ ਕਰਾਉਣਾ ਚਾਹੁੰਦੀ ਹੈ, ਇਸ ਕਰਕੇ ਉਸਨੇ ਸਰਕਾਰ ਨੂੰ ਵੀ ਕਾਫ਼ੀ ਬੁਰਾ-ਭਲਾ ਕਿਹਾ। ਪਰ ਗਵਰਨਰ ਦੇ ਇਕ ਸਲਾਹਕਾਰ ਨੂੰ ਵੀ ਇਹ ਕਹਿਣਾ ਪਿਆ ਕਿ ਬੰਦ ਦੇ ਆਗੂਆਂ ਗੈਰ-ਜ਼ਿੰਮੇਵਾਰੀ ਤੋਂ ਕੰਮ ਲਿਆ ਹੈ।

8 ਫਰਵਰੀ ਦੇ ਬੰਦ ਦੇ ਮਗਰੋਂ ਇਹ ਆਸ ਬਣਦੀ ਸੀ ਕਿ ਤਿੰਨ ਧਿਰੀ ਵਾਰਤਾ ਵਿਚ ਕੋਈ ਸਮਝੌਤਾ ਹੋ ਸਕੇਗਾ ਅਤੇ ਚਿਰ ਤੋਂ ਲਟਕਦੀ ਆ ਰਹੀ ਸਥਿਤੀ ਸੁਧਰਨ ਲੱਗ ਜਾਵੇਗੀ। ਪਰ ਮੁੱਠੀ ਭਰ ਹਿੰਦੂ-ਫਿਰਕਾ ਪ੍ਰਸਤਾਂ ਨੇ ਕਾਂਗਰਸੀ ਆਗੂਆਂ ਅਤੇ ਹਾਕਮਾਂ ਦੀ ਸ਼ਹਿ ਨਾਲ ਜਿਹੜਾ ਭਿਆਨਕ ਤੇ ਖਤਰਨਾਕ ਅਖਾੜਾ ਹਰਿਆਣੇ ਨੂੰ ਬਣਾ ਦਿੱਤਾ ਹੈ, ਉਸ ਦੇ ਸਨਮੁਖ ਸਥਿਤੀ ਹੋਰ ਵੀ ਵਿਗੜ ਜਾਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

ਹਰਿਆਣੇ ਦੇ ਮੁੱਠੀ ਭਰ ਫਿਰਕਾ ਪ੍ਰਸਤਾਂ ਦੀ ਅਗਵਾਈ ਅਤੇ ਕਾਂਗਰਸੀ ਹਾਕਮਾਂ ਦੀ ਸ਼ਹਿ ਨਾਲ, ਦੂਸਰੇ ਫ਼ਿਰਕੇ ਦੇ ਧਾਰਮਕ ਅਸਥਾਨਾਂ ਨੂੰ ਸਾੜਨ ਦੇ ਯਤਨ ਪੰਜਾਬੋਂ ਬੱਸਾਂ ਰਾਹੀਂ ਸਫ਼ਰ ਕਰਦੀਆਂ ਸਿੱਖ-ਸਵਾ

(ਬਾਕੀ ਸਫ਼ਾ 11)

# R.S. FOODS

7563 - 6th Street,
Burnaby, B.C. V3N 3M4

**PH: 522-4937**

ਹਰ ਪ੍ਰਕਾਰ ਦੀਆਂ ਦਾਲਾਂ, ਮਸਾਲੇ, ਅਚਾਰ ਤੇ ਹੋਰ ਭਾਰਤੀ ਗਰੋਸਰੀ ਲਈ ਸਾਡੇ ਸਟੋਰ ਤੇ ਦਰਸ਼ਨ ਦਿਓ !

ਵਿਆਹ, ਅਖੰਡ ਪਾਠ ਅਤੇ ਹੋਰ ਸਮਾਗਮਾਂ ਲਈ ਵਿਸ਼ੇਸ਼ ਰਿਆਇਤ !!

ਤਾਜ਼ਾ ਬੱਕਰੇ ਦਾ ਮੀਟ, ਮੁਰਗੇ ਦੀਆਂ ਲੱਤਾਂ, ਹਰੀਆਂ ਤਾਜ਼ਾ ਸਬਜ਼ੀਆਂ, ਵੀਡੀਓ ਮੂਵੀਜ਼ ਲਈ ਕਿਰਪਾ ਕਰਕੇ ਸਾਡੇ ਸਟੋਰ ਤੇ ਜ਼ਰੂਰ ਦਰਸ਼ਨ ਦਿਓ !!!

ਤੁਹਾਡਾ ਹਰ ਇੱਕ ਦਾ ਸਟੋਰ 'ਤੇ ਆਉਣ ਦਾ ਸੁਆਗਤ ਹੈ !!!!

STORE HOURS:

MON. thru THURS. / SAT. : 10:00 AM - 7:00 P.M.

FRIDAY: 10:00 A.M. - 9:00 P.M.

SUNDAY: 11:00 A.M. - 7:00 P.M.



# VICON MEDIC PHARMACY

## ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**

**KENNY K. H. NG** B.Sc. (PHARM.)
R.P.E.B.C.

**PAUL C. Y. FU** B.Sc. (PHARM.)
R.P.E.B.C.

**6407 MAIN ST.**
**VANCOUVER, B.C.**



# PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***
***PH: 872-3118*** Supply
***872-7227*** Service



# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

**ਤਜਰਬੇਕਾਰ ਸਲਾਹ ਮਸ਼ਵਰੇ ਲਈ**

**ਮਿਲੋ ਜਾਂ ਫੂਨ ਕਰੋ**

**ਰਣਜੀਤ ਸਿੰਘ ਬੈਂਸ**

**REMEMBER**
**FOR ACCOUNTING, BOOKKEEPING**
**INCOME TAX.**
**CALL OR VISIT**

**RANJIT SINGH BAINS**

**BAINS TAX & ACCOUNTING SERVICES**
**10-6679 MAIN STREET., VAN., B.C.**
**321-2132**

# ਇੱਕ ਖ਼ਤ : ਇੱਕ ਵਿਚਾਰ

(ਹਰਕੰਵਲਜੀਤ ਸਿੰਘ, ਕੈਲਗਰੀ, ਅਲਬਰਟਾ)
ਤਿੰਨ ਫਰਵਰੀ 1984.

**ਸਤੰਬਰ-ਦਸੰਬਰ 83** ਦਾ ਅੰਕ ਪਹਿਲੇ ਸਾਰੇ ਅੰਕਾਂ ਨਾਲੋਂ ਵਧੀਆ ਲੱਗਾ, ਖਾਸ ਕਰ ਕਵਿਤਾਵਾਂ ਵਾਲਾ ਭਾਗ (ਸਾਧੂ ਦੀਆਂ ਕਵਿਤਾਵਾਂ) ਮੇਰੀ ਜਾਚੇ ਅਜਿਹੀਆਂ ਕਵਿਤਾਵਾਂ ਹੀ 'ਵਤਨੋਂ ਦੂਰ' 'ਚ ਛਪਣ ਲਈ ਵਧੇਰੇ ਅਧਿਕਾਰ ਰੱਖਦੀਆਂ ਅਤੇ ਜਚਦੀਆਂ ਹਨ।

'ਸੰਥ' ਵੱਲੋਂ ਹੁਣ ਤੱਕ ਛਪੇ ਦੋਵੇਂ ਅਤੇ ਗੁਰਬਖਸ਼ ਜੱਸ ਦਾ ਲੇਖ ਬਹੁਤ ਹੀ ਕੀਮਤੀ ਅਤੇ ਮਿਹਨਤ ਨਾਲ ਤਿਆਰ ਕੀਤੇ ਲੇਖ ਹਨ - 'ਸੰਥ' ਵਿਚਲੇ ਸਾਰੇ ਸਾਥੀ ਅਜਿਹੀਆਂ ਸੁਹੱਜੀਆਂ ਕਿਰਤਾਂ ਪੈਦਾ ਕਰਨ ਲਈ ਵਧਾਈ ਦੇ ਹੱਕਦਾਰ ਹਨ - ਆਸ ਹੈ ਉਹ ਇਸੇ ਤਰਾਂ ਭਵਿੱਖ ਵਿੱਚ ਹੋਰ ਵੀ FREQUENTLY ਸਿਰ ਜੋੜ ਕੇ ਬੈਠਣਗੇ ਅਤੇ ਪਾਠਕਾਂ ਦੇ ਗਿਆਨ 'ਚ ਬਹੁਮੁੱਲਾ ਵਾਧਾ ਕਰਨ ਵਾਲੀਆਂ ਅਜਿਹੀਆਂ ਅਮੀਰ ਲਿਖਤਾਂ ਰਚ ਸਕਣਗੇ।

ਇਕ ਹੋਰ ਵਿਸ਼ਾ, 'ਸੰਥ' ਵਿਚਲੇ ਅਤੇ ਹੋਰ ਦਿਲਚਸਪੀ ਰਖਦੇ ਰਖਦੇ ਪਾਠਕ/ ਲੇਖਕ ਸਾਥੀਆਂ ਦੇ ਧਿਆਨ ਗੋਚਰਾ ਕਰਨਾ ਚਾਹਵਾਂਗਾ - ਵਿਚਾਰਨ ਲਈ - ਹਾਲਾਂ ਕਿ ਇਹ ਵਿਸ਼ਾ ਸਿਰਫ਼ ਭਾਰਤੀ ਕਮਿਊਨਿਟੀ ਨਾਲ ਹੀ ਸੰਬੰਧਤ ਨਾ ਹੋ ਕੇ ਸਰਬ-ਕੈਨੇਡਾ ਵਿਆਪੀ ਹੈ ਪਰ ਫਿਰ ਵੀ ਮੇਰੀ ਜਾਚੇ ਵਤਨੋਂ ਦੂਰ ਵਿੱਚ/ ਰਾਹੀਂ ਵਿਚਾਰਿਆ ਜਾਣਾ ਕੋਈ ਮਾੜੀ ਗੱਲ ਨਹੀਂ ਹੋਵੇਗਾ। ਵੈਸੇ ਵੀ ਬੀਤੇ ਸਮੇਂ (ਇਤਿਹਾਸ) ਅਨੁਸਾਰ ਪੰਜਾਬੀਆਂ ਨੇ ਕੈਨੇਡਾ ਵਿੱਚ ਬੇਇਨਸਾਫ਼ੀ ਦੇ ਖਿਲਾਫ਼ ਆਵਾਜ਼ ਉਠਾਉਣ ਅਤੇ ਹੋਰ ਦਰੁਸਤ ਅਮਲਾਂ ਲਈ ਮੁਕਾਬਲਤਨ/ ਨਿਸਬਤਨ ਹੋਰਨਾਂ ਕਮਿਊਨਿਟੀਆਂ ਨਾਲੋਂ ਵਧੇਰੇ ਹੀ ਹਿੱਸਾ ਪਾਇਆ ਅਤੇ ਪਹਿਲ ਕਦਮੀ ਕੀਤੀ ਹੈ। ਵਿਸ਼ਾ ਹੈ: 'ਕੈਨੇਡਾ ਵਿੱਚ ਇੱਕ ਦਰੁਸਤ ਕਮਿਊਨਿਸਟ ਪਾਰਟੀ ਦੀ ਉਸਾਰੀ' ਦੀਆਂ ਸੰਭਾਵਨਾਵਾਂ ਬਾਰੇ।

ਜਾਪਦਾ ਹਾਂ ਕਿ ਇੱਥੋਂ ਦੇ MEDIA ਵੱਲੋਂ (ਗਿਣੇ ਮਿਥੇ ਢੰਗ ਨਾਲ) ਕੀਤੇ ਜਾਂਦੇ ਪਰਚਾਰ ਨੂੰ ਮੁੱਖ ਰੱਖ ਕੇ ਅਤੇ ਕਈ ਹੋਰ FACTORS ਨੂੰ ਮੁੱਖ ਰੱਖ ਕੇ ਕੈਨੇਡਾ ਵਿੱਚ ਇਕ ਕਮਿਊਨਿਸਟ ਪਾਰਟੀ ਦੀ ਸਿਆਸੀ ਸਫਲਤਾ ਦੂਰ ਦੀ ਗੱਲ ਹੈ ਪਰ ਸੁਆਲ ਉਠਦਾ ਹੈ ਕਿ ਜੋ ਲੋਕ (ਭਾਵੇਂ 5 % ਹੀ ਸਹੀ) ਕਮਿਊਨਿਸਟ ਵਿਚਾਰਧਾਰਾ ਨੂੰ ਦਰੁਸਤ ਮੰਨਦੇ ਹਨ, ਕੀ ਉਨ੍ਹਾਂ ਨੂੰ ਪਹਿਲਾਂ ਹੀ ਮੌਜੂਦ C.P.C. (ਹਰਦਿਆਲ ਬੈਂਸ ਅਤੇ ਚੇਲੇ) ਦੇ ਰਹਿਮ 'ਤੇ ਛੱਡ ਦੇਣਾ ਚਾਹੀਦਾ ਹੈ ?! C.P.C. ਜਿਹੀ ਸੰਸਥਾ ਨਾਲ ਜੁੜ ਕੇ ਬਹੁਤ ਸਾਰਾ ਈਮਾਨਦਾਰ ਕਾਡਰ ਨਿਰਾਸ਼ ਹੋ ਕੇ (ਕਮਿਊਨਿਜ਼ਮ) ਤੋਂ ਪਿਛਾਂਹ ਨੂੰ ਹੀ ਜਾਵੇਗਾ!

ਭਾਵੇਂ ਉਪਰੋਕਤ ਵਿਸ਼ੇ 'ਤੇ ਵਿਚਾਰ ਕੀਤਿਆਂ ਹਾਲ ਦੀ ਘੜੀ ਸਿੱਟਾ (ਹਾਂ ਪੱਖੀ ਜਾਂ) ਨਾਂਹ ਪੱਖੀ ਹੀ ਨਿੱਕਲੇ ਪਰ ਲੋੜ ਤਵੱਜੋ ਦੇ ਕੇ ਸੁਚੇਤ ਸਾਥੀਆਂ ਨੂੰ ਇਕੱਠ ਵਿੱਚ ਵਿਚਾਰਨਾ ਜ਼ਰੂਰ ਚਾਹੀਦਾ ਹੈ ਤੇ 'ਵਤਨੋਂ ਦੂਰ ਪਰਵਾਰ' (ਪਾਠਕਾਂ/ ਲੇਖਕਾਂ) ਵਿੱਚ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

ਦੋ ਕੁ ਘਾਟਾਂ 'ਵਤਨੋਂ ਦੂਰ' 'ਚ ਰੜਕਦੀਆਂ ਹਨ:

1. ਵਾਪਰ ਰਹੀਆਂ ਘਟਨਾਵਾਂ/ ਵਰਤਾਰਿਆਂ ਦਾ ਸਮੇਂ ਸਿਰ ਜ਼ਿਕਰ ਨਾ ਹੋਣਾ ਜਾਂ ਇੰਜ ਕਹਿ ਲਵੋ ਕਿ ਸਮਾਂ ਲੰਘ ਜਾਣ 'ਤੇ ਜ਼ਿਕਰ ਹੋਣਾ। ਮਿਸਾਲ ਵਜੋਂ ਭਾਅ ਜੀ, ਗੁਰਸ਼ਰਨ ਸਿੰਘ ਦੀ ਫੇਰੀ ਬਾਰੇ ਅਤੇ ਜਸਵੰਤ ਕੰਵਲ ਬਾਰੇ ਜੋ ਕੁਝ ਤੇ ਜਦੋਂ 'ਵਤਨੋਂ ਦੂਰ' 'ਚ ਪੜ੍ਹਨ ਨੂੰ ਮਿਲਿਆ, ਉਸਤੋਂ ਪਹਿਲਾਂ ਇੱਥੋਂ ਛਪਦੇ ਬਹੁਤ ਸਾਰੇ ਹੋਰ ਪੇਪਰਾਂ 'ਚ (ਵੰਗਾਰ, ਕੈਨੇਡਾ ਦਰਪਣ, ਤੇ ਇੱਥੋਂ ਤੱਕ ਕਿ ਜਨੂੰਨੀ ਪਰਚੇ ਇੰਡੋ ਕਨੇਡੀਅਨ ਟਾਇਮਜ਼ ਵਿੱਚ ਵੀ) ਉਨ੍ਹਾਂ ਬਾਰੇ ਕਾਫ਼ੀ ਕੁਝ ਪਹਿਲਾਂ ਪੜ੍ਹ ਚੁੱਕੇ ਸਾਂ। ਪਰਚਾ ਪਹਿਲਾਂ ਹੀ ਦੁਮਾਸਕ/ ਤ੍ਰੈਮਾਸਕ ਹੋਣ ਕਰਕੇ CURRENT, CONCERNED (ਜ਼ਿਕਰ ਕਰਨ ਜੋਗ) ਘਟਨਾਵਾਂ/ ਵਰਤਾਰਿਆਂ 'ਚੋਂ ਕੋਈ MISS ਨਾ ਹੋਵੇ, ਇਸ ਬਾਰੇ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੈ।

2. ਵਰਤਮਾਨ ਸਮੇਂ 'ਚ ਪੰਜਾਬ 'ਚ ਵਾਪਰ ਰਹੀਆਂ ਘਟਨਾਵਾਂ ਬਾਰੇ ਪੂਰੇ ਤੇ ਜ਼ਿੰਮੇਵਾਰੀ ਸਹਿਤ ਜ਼ਿਕਰ ਅਤੇ ਤਬਸਰੇ ਦੀ ਘਾਟ। ਪੰਜਾਬ ਵਿੱਚ ਫਿਰਕੂ-ਤਨਾਅ ਦੀ ਹਾਲਤ ਦਿਨੋਂ ਦਿਨ ਗੰਭੀਰ ਹੁੰਦੀ ਜਾ ਰਹੀ ਹੈ - ਇਸ ਬਾਰੇ ਪਾਠਕਾਂ ਨੂੰ ਸਹੀ ਜਾਣਕਾਰੀ, ਮਸਲੇ ਦੀ ਜੜ੍ਹ ਅਤੇ ਹੱਲ ਦਸਦੇ ਹੋਏ ਲੇਖਾਂ, ਖਬਰਾਂ ਅਤੇ ਟਿੱਪਣੀਆਂ ਦਾ ਵਧੇਰੇ ਸ਼ੁਮਾਰ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਕਹਾਣੀਆਂ/ ਕਵਿਤਾਵਾਂ ਨਾਲ ਹੀ ਸਫ਼ੇ ਪੂਰੇ ਕਰ ਦਿੱਤੇ ਜਾਣ।

ਮੇਰੀ ਜਾਚੇ ਸਾਨੂੰ ਇੱਥੋਂ ਛਪਦੇ ਕੁਝ ਕੁ ਜਨੂੰਨੀ ਪਰਚਿਆਂ ਵੱਲੋਂ ਕੀਤੇ ਜਾਂਦੇ ਝੂਠੀ-ਕੂੜ ਪ੍ਰਚਾਰ ਦਾ ਭਾਂਡਾ ਵੀ ਭੰਨਣਾ ਚਾਹੀਦਾ ਹੈ ਤੇ ਪੰਜਾਬ ਦੇ ਜਨੂੰਨੀ ਆਗੂਆਂ ਦੀ ਅਸਲੀਅਤ ਵੀ ਨੰਗੀ ਕਰਨੀ ਚਾਹੀਦੀ ਹੈ। 'ਵਤਨੋਂ ਦੂਰ' ਦਾ ਰੋਲ ਵਤਨ 'ਚ ਛਪਦੇ ਅਗਾਂਹਵਧੂ ਪਰਚੇ 'ਸਮਤਾ' ਅਤੇ 'ਸੁਰਖ-ਰੇਖਾ' ਜਿਹਾ ਹੋਣਾ ਚਾਹੀਦਾ ਹੈ - ਮੈਨੂੰ ਆਸ ਹੈ, 'ਸੁਰਖ-ਰੇਖਾ' ਤੁਸੀਂ ਜ਼ਰੂਰ ਪੜ੍ਹਦੇ ਹੋਵੋਗੇ - ਮੇਰੀ ਜਾਚੇ 'ਵਤਨੋਂ ਦੂਰ' ਦੀ ਸੰਪਾਦਕੀ 'ਚ ਹਿੱਸਾ ਲੈਂਦੇ ਸਾਥੀਆਂ ਲਈ 'ਸੁਰਖ-ਰੇਖਾ' ਪੜ੍ਹਨਾ ਬੇਹੱਦ ਜ਼ਰੂਰੀ ਹੈ।

ਸਾਥੀ ਕੁਲਦੀਪ ਸਿੰਘ ਨੇ ਸੰਤ ਰਾਮ ਉਦਾਸੀ ਦੇ ਨਾਉਂ ਚਿੱਠੀ ਲਿਖਕੇ (ਵਤਨੋਂ ਦੂਰ/ ਸਤੰਬਰ-ਦਸੰਬਰ 83/ ਸਫ਼ਾ 23) ਸੁਚੇਤ ਪਾਠਕਾਂ ਵਾਲਾ ਫਰਜ਼ ਅਦਾ ਕੀਤਾ ਹੈ ਪਰ ਸੰਤ ਰਾਮ ਉਦਾਸੀ ਅਤੇ ਉਸਦੀ ਸਿਆਸੀ ਜਥੇਬੰਦੀ ਦੀ ਦੀਵਾਲੀਆ ਸਮਝ ਅਤੇ ਅਮਲਾਂ ਨੂੰ ਜਾਣਦਿਆਂ ਹੋਇਆਂ ਸੰ. ਰਾ. ਉਦਾਸੀ ਵੱਲੋਂ ਅਜਿਹੀ ਬਿਆਨਬਾਜ਼ੀ ਕੋਈ ਹੈਰਾਨੀਜਨਕ ਗੱਲ ਨਹੀਂ। ਸੰ. ਰਾ. ਉ. (ਅਤੇ ਉਸਦੇ ਪਾਰਟੀ ਹਮ-ਖ਼ਿਆਲਾਂ) ਨੂੰ 'ਜੈਕਾਰ', 'ਸਮਤਾ', 'ਸੁਰਖ ਰੇਖਾ' ਜਿਹੇ ਪਰਚਿਆਂ ਤੋਂ ਤਾਂ ਪਹਿਲਾਂ ਹੀ ਮੁਸ਼ਕ ਆਉਂਦਾ ਸੀ, ਹੁਣ ਸ਼ਾਇਦ 'ਵਤਨੋਂ ਦੂਰ' ਤੋਂ ਵੀ ਆਉਣ ਲੱਗ ਪਵੇ। ਸੰ. ਰਾ. ਉ. ਤੋਂ ਕਿਸੇ ਦਰੁਸਤ ਅਤੇ ਸਾਰਥਕ ਸਪੱਸ਼ਟੀਕਰਣ ਦੀ ਆਸ ਤਾਂ ਨਹੀਂ ਪਰ ਸਾਥੀ ਕੁਲਦੀਪ ਦਾ ਖ਼ਤ/ ਸੁਆਲ ਉਸਦੀ ਦੀਵਾਲੀਆ ਸਮਝ ਨੂੰ ਨੰਗਾ ਕਰਨ 'ਚ ਸਹਾਈ ਜ਼ਰੂਰ ਹੋਵੇਗਾ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਵੱਲੋਂ ਜਸਵੰਤ ਸਿੰਘ ਕੰਵਲ ਨੂੰ ਢੁਕਵੇਂ ਪੁੱਛੇ ਗਏ ਹਨ (ਜੋ ਕਿ 'ਸੁਰਖ ਰੇਖਾ'/ਜਨਵਰੀ 1-15/ ਵਿੱਚ ਵੀ ਛਪ ਚੁੱਕੇ ਹਨ - ਆਸ ਹੈ ਕਿ ਜੇ ਜਸਵੰਤ ਕੰਵਲ ਵੱਲੋਂ ਕੋਈ ਸਪੱਸ਼ਟੀਕਰਣ ਮਿਲਿਆ ਤਾਂ ਤੁਸੀਂ

ਉਸਨੂੰ ਵੀ ਆਪਦੇ ਵੱਲੋਂ ਟਿੱਪਣੀ ਸਹਿਤ ਜ਼ਰੂਰ ਛਾਪੋਗੇ ।

ਪਿਛਲੇ ਅੰਕ ( ਸਤੰਬਰ-ਦਸੰਬਰ 83) ਵਿੱਚ ਤੁਹਾਡੇ ਵੱਲੋਂ ਪੇਜ਼ 3 'ਤੇ ਸੰਪਾਦਕੀ ਦੇ ਚੌਥੇ ਪਹਿਰੇ 'ਚ ਲਿਖਿਆ ਹੈ ਕਿ "ਹਿੰਦੁਸਤਾਨ ਤੋਂ ਦੂਰ ਬੈਠੇ ਅਸੀਂ ਏਸ ਸਥਿਤੀ ਵਿੱਚ ਨਹੀਂ ਕਿ ਪੰਜਾਬ ਦੇ ਵੱਖ 2 ਅਗਾਂਹਵਧੂ ਗਰੁੱਪਾਂ ਬਾਰੇ 'ਕਿਹੜਾ ਠੀਕ, ਕਿਹੜਾ ਗ਼ਲਤ' ਜਾਂ 'ਕਿੰਨਾ ਕੁ ਠੀਕ, ਕਿੰਨਾ ਕੁ ਗ਼ਲਤ' ਦੇ ਨਿਰਣੇ ਉਹਨਾਂ ਦੇ ਸਮੁੱਚੇ ਸਟੈਂਡ ਬਾਰੇ ਦੇ ਸਕੀਏ ਅਤੇ ਨਾ ਹੀ ਅਸੀਂ ਅਜਿਹੇ ਫਤਵਿਆਂ ਦੀ ਲੋੜ ਸਮਝਦੇ ਹਾਂ", ਇਹ ਗੱਲ ਕਿ 'ਦੂਰ ਬੈਠੇ ਅਸੀਂ ਇਸ ਸਥਿਤੀ ਵਿੱਚ ਨਹੀਂ ਹਾਂ' ਤਾਂ ਠੀਕ ਹੈ, ਪਰ ਕੀ ਤੁਹਾਡੇ ਵੱਲੋਂ ਇਹ ਲਿਖਣਾ ਕਿ 'ਨਾ ਹੀ ਅਸੀਂ ਅਜਿਹੇ ਫਤਵਿਆਂ ਦੀ ਲੋੜ ਸਮਝਦੇ ਹਾਂ' ਦਾ ਭਾਵ ਇਹ ਹੈ ਕਿ ਜੇ ਗ਼ਲਤ/ਸਹੀ ਦਾ ਨਿਖੇੜ ਕਰਨ ਦੀ ਸਥਿਤੀ ਵਿੱਚ ਵੀ ਹੋਈਏ ਤਾਂ ਵੀ ਇਸਦੀ ਲੋੜ ਨਹੀਂ ਸਮਝਦੇ ?! ਇੱਥੇ ਮੈਂ ਇੱਕ ਗੱਲ ਹੋਰ ਕਹਿਣੀ ਚਾਹਵਾਂਗਾ ਕਿ ਇੱਥੇ ਜਾਂ ਉੱਥੇ ( ਵਤਨ 'ਚ) ਕੁਝ ਕੁ ਮਾਰਕਸੀ ਸੂਝ ਦੇ ਧਾਰਨੀ ( ਅਖਵਾਏ ਜਾਂਦੇ) ਬੁੱਧੀਜੀਵੀ/ ਸਾਹਿੱਤਕਾਰਾਂ ਵੱਲੋਂ ਆਪਣੇ ਆਪ ਨੂੰ 'ਗਰੁੱਪਾਂ ਦੀ ਸਿਆਸਤ ਤੋਂ ਨਿਰਲੇਪ, ਨਿਰਪੱਖ ਤੇ ਸਰਬ-ਸਾਂਝੇ' ਰੱਖਣ ਦਾ ਰੁਝਾਨ ਗ਼ੈਰ ਉਸਾਰੂ, ਗ਼ੈਰ ਜ਼ਿੰਮੇਵਾਰਾਨਾ ਅਤੇ ਕਾਜ ਪ੍ਰਤੀ ਗ਼ੈਰ ਸੰਜੀਦਾ ਹੈ [ ਇਨ੍ਹਾਂ 'ਵਿਦਵਾਨਾਂ' ਵਿੱਚੋਂ ਬਹੁਤੇ, ਸਾਰੇ ਹੀ ਅਗਾਂਹਵਧੂ ਗਰੁੱਪਾਂ ਦੀ ਏਕਤਾ ਦੇ 'ਸਦਾ-ਬਹਾਰ ਤੇ ਈਮਾਨਦਾਰ' ਚਾਹਵਾਨ ਵੀ ਹੁੰਦੇ ਹਨ ਪਰ ਉਨ੍ਹਾਂ ਨੇ ਅਮਲੀ ਤੌਰ ਤੇ ਕਰਨਾ ਕੁਝ ਨਹੀਂ ਹੁੰਦਾ, ਸਿਵਾਏ 'ਬੇਨਤੀਆਂ' ਦੇ – ਇਨ੍ਹਾਂ ਵਿੱਚੋਂ ਕਈ 'ਅਗਾਂਹਵਧੂ ਗਰੁੱਪਾਂ ਦੇ ਨਾਲ ਨਾਲ C.P.I. ਤੇ C.P.M. ਨੂੰ ਵੀ ਸ਼ਾਮਲ ਕਰਦੇ ਹਨ] । ਜੇਕਰ ਬੁੱਧੀਜੀਵੀ ਅਤੇ ਸਾਹਿੱਤਕਾਰ ਜੋ ਕਿ ਸਮਾਜ ਦਾ ਚੇਤੰਨ ( Intellect ) ਅੰਗ ਵੱਜੋਂ ਹੁੰਦੇ ਹਨ, ਹੀ ਸਹੀ/ਗ਼ਲਤ 'ਚ ਨਿਖੇੜ ਨਹੀਂ ਕਰਨਗੇ ਤਾਂ ਜਨ-ਸਾਧਾਰਨ ਦੀ ਕੀ ਹਾਲਤ ਹੋਵੇਗੀ – ਉਪਰੋਕਤ ਰੁਝਾਨ ਬਹੁਤੇ ਫ਼ਰਜ਼ਾਂ ਅਤੇ ਕੁਰਬਾਨੀ ਤੋਂ ਦੂਰ ਭੱਜਣ ਵਾਲੀ ਗੱਲ ਹੈ।

ਦਰਅਸਲ ਅਜਿਹੇ ਬੁੱਧੀਜੀਵੀ / ਸਾਹਿੱਤਕਾਰ ਬਗ਼ੈਰ ਕਿਸੇ ਅਮਲ ਅਤੇ ਸਰਗਰਮ ਸਿਆਸੀ ਹਿੱਸੇ ਦੇ ਸਿਰਫ਼ ਕਲਮ ਚਲਾ ਕੇ ਹੀ 'ਵਾਹ ਵਾਹ' ਖੱਟਣੀ ਅਤੇ ਆਪਣੇ ਆਪ ਨੂੰ ਅਗਾਂਹਵਧੂ ਤੇ ਮਹਾਨ ਲੋਕ-ਹਿਤੂ ਅਖਵਾ ਕੇ ਫਲ ਖੱਟਣੀ ਚਾਹੁੰਦੇ ਹੁੰਦੇ ਹਨ ਤੇ ਅਜੇਹਾ ਕਰਨ ਲਈ ਉਹ 'ਅਗਾਂਹਵਧੂ ਸਾਹਿਤ ਦੇ ਸਮਾਜੀ ( ਚੇਤਨਤਾ ਦੇ) ਵਿਕਾਸ ਤੇ ਅਸਰ' ਦੇ 'ਲੰਗੇ ਜਥਾਰਥ' ਦਾ ਢੰਡੋਰਾ ਵੀ ਖੂਬ ਪਿੱਟਦੇ ਹਨ [ ਲੰਗਾ ਜਥਾਰਥ ਇਸ ਲਈ ਕਿ ਸਿਰਫ਼ ਕਹਿਣਾ ਜਾਂ ਲਿਖਣਾ ਹੀ, ਅਮਲੀ ਤੌਰ 'ਤੇ ਖੁਦ ਕਰਨਾ ਕੁਝ ਨਹੀਂ ] - ਸੰਖੇਪ ਵਿੱਚ ਇਸਨੂੰ ਸੁਖਿੰਦਰ ਦੇ ਸ਼ਬਦਾਂ ਵਿੱਚ 'ਬੁੱਧੀਜੀਵੀ ਰੰਡਜਵਾਦ' ਕਹਿਣਾ ਹੀ ਢੁੱਕਵਾਂ ਹੈ।

ਬੀਤੇ 'ਚ 'ਵਤਨੋਂ ਦੂਰ' ਤੇ ਕੀਤੇ ਗਏ ( ਅਰਦਮਨ ਸਿੰਘ ਦੇ ਲੇਖ ਬਾਰੇ) ਗੰਭੀਰ ਰੋਸ/ ਗਿਲੇ ਬਾਰੇ ਵੀ ਜ਼ਿਕਰ ਕਰਨਾ ਚਾਹਵਾਂਗਾ - ਮੇਰੇ ਖ਼ਿਆਲ ਅਨੁਸਾਰ ਟੋਰਾਂਟੋ ਤੋਂ ਦੀਪ ਸਿੰਘ ਹੁਰਾਂ ਦਾ ਗਿਲਾ ( ਵਤਨੋਂ ਦੂਰ/ ਜੁਲਾਈ ਅਗਸਤ 83) ਕਾਫ਼ੀ ਹੱਦ ਤੱਕ ਜਾਇਜ਼ ਸੀ - ਕੋਈ ਵੀ ਪਾਠਕ ਆਮ ਤਾਂ ਕੀ, ਕਿਆਸ ਵੀ ਨਹੀਂ ਕਰ ਸਕਦਾ ਕਿ 'ਵਤਨੋਂ ਦੂਰ' ਵਿੱਚ ( ਇਸਦੇ ਸੰਪਾਦਕ/ ਪ੍ਰਬੰਧਕਾਂ ਵੱਲੋਂ ਹੀ ਪ੍ਰਚਾਰੀ ਜਾਂਦੀ ਪਰਚੇ ਦੀ ਪਾਲਿਸੀ / ਸਮਝ ਅਤੇ ਇਸਦੇ ਪਿਛਲੇ ਸਮੁੱਚੇ ਵਕਾਰ / ਰੋਲ ਨੂੰ ਮੁੱਖ ਰਖਦਿਆਂ) ਅਰਦਮਨ ਸਿੰਘ ਦੇ ਲਿਖੇ ਲੇਖ ( ਜਿਸ ਵਿੱਚ ਕਿ ਬੜੀ ਚਲਾਕੀ/ ਹੁਸ਼ਿਆਰੀ ਨਾਲ ਮਾਰਕਸਵਾਦ ਦਾ ਤੱਤ ਜਾਂ ਤੱਤਸਾਰ ਵਿਗਾੜ ਕੇ, ਵਿਚਾਰਵਾਦ ਨਾਲ ਰਲਗੱਡ ਕਰਕੇ, ਆਮ ਜਨ-ਸਾਧਾਰਨ ਨੂੰ ਗੁਮਰਾਹ ਕਰਦਿਆਂ ਹੋਇਆਂ, ਲੁਟੇਰੀ ਜਮਾਤ ਦੇ ਆਸ਼ਿਆਂ ਦੇ ਅਨੁਕੂਲ ਵਰਤਣ ਦੀ ਚੁਸਤ (ਪਰ ਅਸਫ਼ਲ ?) ਕੋਸ਼ਿਸ਼ ਕੀਤੀ ਗਈ ਸੀ ) ਜਿਹਾ ਕੁਝ ਵੀ ਛਪ ਸਕਦਾ ਹੈ। ਮੈਨੂੰ ਤਾਂ ਸਾਥੀ ਦੀਪ ਸਿੰਘ ਹੁਰਾਂ ਦੀ ਪਰਚੇ ਪ੍ਰਤੀ ਸੋਚ ਅਤੇ ਭਾਵਨਾ ਸੁਚੇਤ ਅਤੇ ਸ਼ੁਭਚਿੰਤਕ ਲੱਗੀ ਹੈ । ਜਾਣ ਰੱਖਣਾ ਕਿ ਹਮੇਸ਼ਾਂ ਹੀ ਸੁਚੇਤ ਪਾਠਕ ਜੋ ਕਿ ਕਿਸੇ ਵੀ ਜਾਣੇ/ ਅਣਜਾਣੇ 'ਚ ਹੋਈ ਗ਼ਲਤ ਗੱਲ ਨੂੰ ਪਕੜਨ ਜਾਂ ਉਂਗਲ ਕਰਨ ਦੇ ਕਾਬਲ ਹੁੰਦੇ ਹਨ, ਕਿਸੇ ਵੀ ਪਰਚੇ ਦੀ ਸੇਧ ਦਰੁਸਤ ਰੱਖਣ ਲਈ ਕਾਰਗਰ ਤੌਰ 'ਤੇ ਸਹਾਈ ਹੁੰਦੇ ਹਨ ਅਤੇ ਸਾਰਥਿਕ ਕਿੰਤੂ ਕਰਨ ਵਾਲੇ ਜ਼ਿਆਦੇ ਸੁਚੇਤ ਪਾਠਕਾਂ ਦਾ ਹੋਣਾ, ਕਿਸੇ ਵੀ ਪਰਚੇ ਦੀ ਅਮੀਰੀ ਦੀ ਨਿਸ਼ਾਨੀ ਹੁੰਦੀ ਹੈ ਅਤੇ ਇਹ ਇੱਕ ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ। ਪਰ ਕੁਝ ਲੋਕ ਜੋ ਹਰ ਕਿਸਮ ਦੇ 'ਇਜ਼ਮਾਂ' ( ਸਮੇਤ 'ਮਾਰਕਸ-ਇਜ਼ਮ'!) ਤੋਂ ਬਾਹਰ ਆ ਕੇ ਮਨੁੱਖਤਾ ਦੇ ਭਲੇ ਲਈ ਕੁਝ ਕਰਨ (?) ਦਾ ਸੱਦਾ ਦੇਂਦੇ ਹਨ, ਉਨ੍ਹਾਂ ਬਾਰੇ ਕੁਝ ਸਮਝ ਨਹੀਂ ਲੱਗੀ।

ਇੱਕ ਹੋਰ ਘਾਟ: ਇਕ ਘਾਟ ਵਤਨੋਂ ਦੂਰ 'ਚ ਹੋਰ ਵੀ ਮਹਿਸੂਸ ਕੀਤੀ ਜਾ ਸਕਦੀ ਹੈ, ਉਹ ਹੈ 'ਸੰਸਾਰ ਪਾਲਿਟਿਕਸ' ਬਾਰੇ ਜ਼ਿਕਰ ਅਤੇ ਤਬਸਰੇ ਦੀ। ਪਰਚੇ ਵਿੱਚ ਦੁਨੀਆਂ ਵਿੱਚ ਵਾਪਰ ਰਹੀਆਂ ਪ੍ਰਮੁੱਖ ਘਟਨਾਵਾਂ ਅਤੇ ਸਮੁੱਚੀ ਅੰਤਰ-ਰਾਸ਼ਟਰੀ ਸਿਆਸਤ ਬਾਰੇ, ਵਿਗਿਆਨਕ ਨਜ਼ਰੀਏ ਤੋਂ ਜਾਣਕਾਰੀ ਭਰਪੂਰ ਲੇਖ ਜ਼ਰੂਰ ਹੋਣੇ ਚਾਹੀਦੇ ਹਨ। ਖਾਸ ਕਰਕੇ ਸਾਮਰਾਜੀ ਅਤੇ ਸਮਾਜੀ-ਸਾਮਰਾਜੀ ਵੱਡੀਆਂ ਤਾਕਤਾਂ ਦੀ ਲੁੱਟ, ਜ਼ੁਲਮ ਅਤੇ ਕਹਿਰ ਦਾ ਸ਼ਿਕਾਰ ਹੋਏ ਲੋਕਾਂ ਬਾਰੇ ਜਿਵੇਂ EL SALVADORE ਵਿੱਚ, ਅਫ਼ਗਾਨਿਸਤਾਨ, ਲੈਬਨਾਨ, ਫਲਸਤੀਨੀ ਲੋਕ etc. / ਅੱਜ ਦੇ ਯੁੱਗ ਵਿੱਚ ਅਸੀਂ ਕਿਸੇ ਵੀ ਦੇਸ਼ ਅੰਦਰ ਵਾਪਰ ਰਹੀਆਂ ਪ੍ਰਮੁੱਖ ਘਟਨਾਵਾਂ/ ਵਰਤਾਰਿਆਂ ਨੂੰ 'ਸੰਸਾਰ-ਸਾਮਰਾਜ' ਨਾਲੋਂ ਵੱਖ ਕਰਕੇ ਨਹੀਂ ਦੇਖ ਸਕਦੇ। ਭਾਰਤ ਤੇ ਖਾਸ ਕਰ ਪੰਜਾਬ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸੰਸਾਰ-ਸਿਆਸਤ ਨਾਲ ਸੰਬੰਧਤ ਕਰਦੇ ਹੋਏ ( RELATE ਕਰਦੇ ਹੋਏ) ਲੇਖਾਂ/ ਸੰਪਾਦਕੀਆਂ ਦੀ ਸ਼ਮੂਲੀਅਤ ਚਾਹੀਦੀ ਹੈ, ਅਫ਼ਰੀਕਾ/ ਲਾਤੀਨੀ ਅਮਰੀਕਾ 'ਚ ਨਸਲਵਾਦ ਦੀ ਸਹੀ ਤਸਵੀਰ (ਕੀ ਅਤੇ ਕਿਉਂ) ਬਾਰੇ ਵੀ ! ਵਤਨ ਤੋਂ ਬਾਹਰੋਂ ਛਪਦੇ ਹੋਣ ਕਰਕੇ ਉਪਰੋਕਤ ਵਿਸ਼ੇ ਹੋਰ ਵੀ ਜ਼ਰੂਰੀ ਤੇ ਮਹੱਤਵਪੂਰਨ ਹੋ ਜਾਂਦੇ ਹਨ। •

---

ਸੁਖਿੰਦਰ ਅਤੇ ਇਕਬਾਲ ਰਾਮੂਵਾਲੀਆ ਦਾ ਸੰਪਾਦਤ ਕਾਵਿ-ਸੰਗ੍ਰਹਿ : ਮਕਤਲ

ਸ਼ਾਮਿਲ ਕਵੀ: ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ, ਹਰਭਜਨ ਹਲਵਾਰਵੀ, ਦੇਵ, ਮੋਹਨਜੀਤ, ਸੁਰਜੀਤ ਪਾਤਰ, ਪ੍ਰਮਿੰਦਰਜੀਤ, ਜੋਗਾ ਸਿੰਘ, ਗੁਰਦੀਪ ਗਰੇਵਾਲ ( ਭਾਰਤ) ; ਅਮਰਜੀਤ ਚੰਦਨ, ਜਗਤਾਰ ਢਾਅ ( ਇੰਗਲੈਂਡ); ਸ਼ਾਇਸਤਾ ਹਬੀਬ (ਪਾਕਿਸਤਾਨ) ਸੁਰਿੰਦਰ ਧੰਜਲ, ਸੁਰਜੀਤ ਕਲਸੀ, ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸੁਖਿੰਦਰ ( ਕੈਨੇਡਾ).

# ਸੁਮੀਤ ਸਿੰਘ ਸਪਲੀਮੈਂਟ

ਇਸ ਸਪਲੀਮੈਂਟ ਵਿੱਚ ਸੁਮੀਤ ਸਿੰਘ (ਸੰਪਾਦਕ ਪ੍ਰੀਤ ਲੜੀ) ਦੇ ਕਤਲ ਨਾਲ ਸੰਬੰਧਤ ਸ਼ੋਕ ਮਤੇ, ਸੁਮੀਤ ਨੂੰ ਸਮਰਪਿਤ ਕਵਿਤਾਵਾਂ, ਸੁਮੀਤ ਦੀ ਪਤਨੀ ਪੂਨਮ ਦੀ ਹਿਰਦੇਵੇਧਕ ਤਕਰੀਰ, ਵੈਨਕੂਵਰ ਤੋਂ ਛਪਦੇ ਸਪਤਾਹਕ ਪਰਚੇ 'ਕੈਨੇਡਾ ਦਰਪਣ' ਦਾ ਇੱਕ ਸੰਪਾਦਕੀ, ਸੁਮੀਤ ਦੇ ਲਿਖੇ ਹੋਏ ਪ੍ਰੀਤ ਲੜੀ ਦੇ ਕੁਝ ਚੋਣਵੇਂ ਸੰਪਾਦਕੀ ਅਤੇ ਸੁਮੀਤ ਦੇ ਵਿਚਾਰਾਂ ਨੂੰ ਰੂਪਮਾਨ ਕਰਦੀਆਂ ਹੋਈਆਂ ਉਸਦੀ ਸੰਪਾਦਨਾ ਹੇਠ ਛਪੀਆਂ ਦੋ ਕਹਾਣੀਆਂ ਪੇਸ਼ ਹਨ।

ਭਰੇ ਹੋਏ ਮਨ ਨਾਲ ਅਸੀਂ ਸੁਮੀਤ ਨੂੰ ਸਰਧਾਂਜਲੀ ਭੇਟ ਕਰਦੇ ਹਾਂ।

- ਅਦਾਰਾ ਵਤਨੋਂ ਦੂਰ



## ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿੰਨੀਪੈੱਗ ਵਲੋਂ ਪ੍ਰੀਤਲੜੀ ਦੇ ਸੰਪਾਦਕ ਸੰਬੰਧੀ ਸ਼ੋਕ ਮਤਾ

ਉਪਰੋਕਤ ਸਭਾ ਸ: ਸੁਮੀਤ ਸਿੰਘ ਦੇ ਦਰਦਨਾਕ ਤੇ ਵਹਿਸ਼ੀਆਨਾ ਕਤਲ ਦਾ ਪੂਰੀ ਤਰ੍ਹਾਂ ਵਿਰੋਧ ਕਰਦੀ ਹੈ। ਆਸਾਡੀ ਸਭਾ ਉਸਦੇ ਪਰਵਾਰ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੀ ਹੈ ਦਿਲੋਂ ਹਮਦਰਦੀ ਰੱਖਦੀ ਹੈ।

ਪ੍ਰੀਤ ਦੀ ਇਸ ਮਾਲਾ ਦਾ ਵਿਖਰਣਾ ਪੰਜਾਬੀ ਸਾਹਿਤ ਲਈ ਅਸਹਿ ਠੇਸ ਹੈ। ਜੇ ਇਹ ਫਿਰਕਾਪ੍ਰਸਤਾਂ, ਅਤਿਵਾਦੀਆਂ ਤੇ ਵੱਖਵਾਦੀਆਂ ਦੀ ਘਿਨਾਉਣੀ ਕਰਤੂਤ ਹੈ, ਤਦ ਉਹ ਸੁਮੀਤ ਵਰਗੇ ਪੰਜਾਬੀ ਸਾਹਿਤਕਾਰ ਉਪਰ ਵਹਿਸ਼ੀਆਨਾ ਹਮਲਾ ਕਰਨ ਤੋਂ ਸੌ ਵਾਰ ਸੋਚਣ।

ਅਸੀਂ ਪੰਜਾਬ ਦੇ ਸਾਰੇ ਬੁੱਧੀਜੀਵੀਆਂ, ਰਾਜਨੀਤਕਾਂ ਤੇ ਆਮ ਜੰਤਾ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਸੁਮੀਤ ਦੇ ਕਾਤਲਾਂ ਨੂੰ ਫੜਨ ਵਿੱਚ ਸਰਕਾਰ ਤੇ ਪੂਰਾ ਦਬਾਅ ਪਾਉਣ।

ਤੇ ਅਸੀਂ ਪੰਜਾਬੀਆਂ ਤੋਂ ਪੂਰੀ ਆਸ ਕਰਦੇ ਹਾਂ ਕਿ ਉਹ ਭਰਾ ਦੇ ਹੱਥੋਂ ਭਰਾ ਦਾ ਕਤਲ ਬੰਦ ਕਰਨ। ਆਪਣੇ ਵਿਰਸੇ ਤੇ ਨਜ਼ਰ ਮਾਰੋ ਤੇ ਪੰਜਾਬੀਅਤ ਦੀ ਸ਼ਾਨ ਨੂੰ ਉਚਾ ਚੁੱਕਦੇ ਹੋਏ, ਇਨ੍ਹਾਂ ਅਤਿਵਾਦੀ ਅੰਸ਼ਾਂ ਦਾ ਬਣਦਾ ਤੇ ਡੱਟਵਾਂ ਵਿਰੋਧ ਕਰੋ।

ਯੁਵਰਾਜ ਸਿੰਘ ਰਤਨ
ਕਨਵੀਨਰ

## ਵੈਨਕੂਵਰ ਸੱਥ ਵਲੋਂ ਸੁਮੀਤ ਸਿੰਘ ਦੀ ਮੌਤ ਤੇ ਸ਼ੋਕ ਮਤਾ

"22 ਫਰਵਰੀ 1984 ਨੂੰ ਪੰਜਾਬੀ ਦੇ ਮਾਸਕ ਪੱਤਰ ਪ੍ਰੀਤਲੜੀ ਦੇ ਸੰਪਾਦਕ ਦਾ ਧਾਰਮਿਕ ਜਨੂੰਨੀਆਂ ਵਲੋਂ ਕਤਲ ਕਰ ਦਿੱਤਾ ਗਿਆ। ਇਹ ਕਤਲ ਪਰੈਸ ਦੀ ਆਜ਼ਾਦੀ ਦਾ ਕਤਲ ਹੈ। ਇਹ ਕਤਲ ਉਨ੍ਹਾਂ ਲੋਕਾਂ ਲਈ ਚੁਣੌਤੀ ਹੈ ਜੋ ਫਿਰਕਾਪ੍ਰਸਤੀ ਨੂੰ ਲੋਕਾਂ ਵਿਚ ਨੰਗਾ ਕਰਦੇ ਹਨ। ਇਹੋ ਜਿਹੀ ਘਟਨਾ ਹਰ ਲੋਕ-ਪੱਖੀ ਵਿਅਕਤੀ ਨਾਲ ਵਾਪਰ ਸਕਦੀ ਹੈ। ਜੋ ਲੋਕ-ਏਕਤਾ ਨੂੰ ਮੁੱਖ ਰੱਖਕੇ ਬੋਲਦਾ ਜਾਂ ਲਿਖਦਾ ਹੈ। ਅਸੀਂ ਵੈਨਕੂਵਰ ਸੱਥ ਵਲੋਂ ਪੰਜਾਬ ਵਿਚ ਪ੍ਰੀਤਲੜੀ ਦੇ ਸੰਪਾਦਕ ਸੁਮੀਤ ਸਿੰਘ ਦੇ ਧਾਰਮਿਕ ਜਨੂੰਨੀਆਂ ਵਲੋਂ ਕੀਤੇ ਇਸ ਕਤਲ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਇਹ ਕਤਲ ਲੋਕਾਂ ਦੇ ਬੋਲਣ, ਲਿਖਣ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਨੂੰ ਦਬਾਉਣ ਲਈ ਇਕ ਲੋਕ-ਵਿਰੋਧੀ ਹਮਲਾ ਹੈ। ਅਸੀਂ ਸਾਰੇ ਲੋਕਾਂ ਨੂੰ ਇਹ ਅਪੀਲ ਕਰਦੇ ਹਾਂ ਕਿ ਇਹੋ ਜਿਹੇ ਹਮਲਿਆਂ ਨੂੰ ਗੰਭੀਰਤਾ ਨਾਲ ਨੰਗਿਆਂ ਕੀਤਾ ਜਾਵੇ।

—ਵੈਨਕੂਵਰ ਸੱਥ

## ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਸੁਮੀਤ ਸਿੰਘ ਸੰਪਾਦਕ 'ਪ੍ਰੀਤਲੜੀ' ਦੇ ਧਾਰਮਿਕ ਜਨੂੰਨੀਆਂ ਹਥੋਂ ਕਤਲ ਦੇ ਵਹਿਸ਼ੀ ਕਾਰਨਾਮੇ ਤੇ ਲਾਹਨਤ ਪਾਉਂਦੀ ਹੈ। ਪਿਛਲੇ ਕੁਝ ਅਰਸੇ ਤੋਂ ਪੰਜਾਬ ਵਿਚ

ਝੁੱਲ ਰਹੀ ਫਿਰਕੂ ਹਨੇਰੀ ਦਾ ਸੁਮੀਤ ਸਿੰਘ ਨੇ ਆਪਣੇ ਪਿਤਾ ਨਵਤੇਜ ਸਿੰਘ ਅਤੇ ਬਾਬੇ ਗੁਰਬਖਸ਼ ਸਿੰਘ ਦੀਆਂ ਲੀਹਾਂ ਤੇ ਚਲਦਿਆਂ ਡੱਟ ਕੇ ਵਿਰੋਧ ਕੀਤਾ। 'ਪ੍ਰੀਤਲੜੀ' ਦੀ ਪਿਛਲੇ ਢਾਈ ਸਾਲਾਂ ਦੀ ਸੰਪਾਦਨਾ ਦੌਰਾਨ ਸੁਮੀਤ ਨੇ ਸਮੇਂ ਸਮੇਂ ਸਿਰ ਬੜੇ ਵਿਉਂਤਬਦ ਤੇ ਨਿਡਰ ਢੰਗ ਨਾਲ ਧਾਰਮਿਕ ਤੇ ਰਾਜਸੀ ਲੀਡਰਾਂ ਦੇ ਪਹਿਰਾਵੇ ਵਿਚ ਛੁਪੇ ਫਿਰਕੂ, ਭਰਿਸ਼ਟ ਤੇ ਜਨੂੰਨੀ ਲੀਡਰਾਂ ਦਾ ਪਾਜ ਖੋਲ੍ਹਿਆ। ਫਿਰਕੂਆਂ ਨੂੰ ਇਹ ਕੁਝ ਨਾ ਭਾਇਆ ਤੇ ਉਹਨਾਂ ਨੇ ਚੜ੍ਹਦੇ ਸੂਰਜ ਦੀ ਕਿਰਨ ਨੂੰ ਕਤਲ ਕਰਨ ਦਾ ਮਨਸੂਬਾ ਬਣਾ ਕੇ 22 ਫਰਵਰੀ ਨੂੰ ਸਿਰੇ ਚੜ੍ਹਾਇਆ। ਸਾਡੀ ਐਸੋਸੀਏਸ਼ਨ ਸਮਝਦੀ ਹੈ ਕਿ ਇਹ ਫਿਰਕੂਆਂ ਦੀ ਕਮਅਕਲੀ ਹੈ ਜੁ ਉਹ ਸਮਝਦੇ ਹਨ ਕਿ ਇਕਾ ਦੁੱਕਾ ਕਿਰਨਾਂ ਦੇ ਕਤਲ ਨਾਲ ਉਹ ਸੂਰਜ ਨੂੰ ਕਤਲ ਕਰ ਸਕਣਗੇ। ਪੰਜਾਬ ਨੂੰ ਫਿਰਕਾਪ੍ਰਸਤੀ ਤੇ ਫੁੱਟ ਪਾਊ ਰਾਹ ਤੇ ਲਿਜਾਂਦੀਆਂ ਅਖਾਉਤੀ ਨੇਤਾਵਾਂ ਦੀਆਂ ਕਾਲੀਆਂ ਕਰਤੂਤਾਂ ਵਿਰੁਧ ਦਿਤੀ ਇਹ ਕੁਰਬਾਨੀ ਸਾਰੇ ਇਨਸਾਫ ਪਸੰਦ ਪੰਜਾਬੀਆਂ ਨੂੰ ਕੁਝ ਕਰਨ ਲਈ ਇਕ ਵੰਗਾਰ ਹੈ।



## ਜਾਗ ਮੇਰੇ ਪੰਜਾਬ!

(ਸਦਾ ਲਈ ਵਿੱਛੜੇ ਸੁਮੀਤ ਨੂੰ ਸਮਰਪਣ)

•ਸੁਰਿੰਦਰ ਧੰਜਲ•

ਹੁਣੇ ਕੋਈ ਜਾਨ ਅੰਬਰਾਂ ਨੂੰ ਉੱਡ ਗਈ ਏ!

ਮਾਨਸ ਜਾਤ ਦੀ ਇੱਕੋ ਪਹਿਚਾਣ
ਨਾ ਸਿੱਖ - ਨਾ ਹਿੰਦੂ - ਨਾ ਮੁਸਲਮਾਨ
ਇੱਕੋ ਮਨੁੱਖ : ਇੱਕੋ ਐਲਾਨ : ਸਾਵਧਾਨ!
ਉੱਚੇ ਦੇ ਪੀਰ ਦੀ ਕਲਗੀ ਹੈਰਾਨ
ਨਾਨਕ ਦੇ ਅਣਵੰਡੇ ਖੱਫ਼ਣ ਵੱਲ ਤੱਕਦੀ
ਹੁਣੇ ਕੋਈ ਲਾਸ਼ ਅੰਬਰਾਂ ਨੂੰ ਉੱਡ ਗਈ ਏ!

ਬੁੱਲ੍ਹਾਂ 'ਤੇ ਅਣਲਿਖੇ ਬੋਲ, ਛਾਤੀ 'ਚ ਧੁਖਦੀ ਅੱਗ
ਖਰੜੇ ਦੇ ਬਹੁਤ ਪੰਨੇ ਖਾਲੀ
ਬਾਕੀਆਂ 'ਤੇ ਅੱਧਪੜ੍ਹ- ਦੁਧਪੜ੍ਹੀਆਂ ਲਕੀਰਾਂ
ਮੁੱਖ-ਪੰਨੇ 'ਤੇ ਗਾੜ੍ਹੇ ਖ਼ੂਨ ਦੇ ਧੱਬੇ
ਮੁੱਖਬੰਧ ਲੇਖਕ ਮੋਮਨ ਕਿ ਕਾਫ਼ਰ?
(ਬਹਿਸ਼ਤੀ-ਹੂਰਾਂ ਦੇ ਲੋਭੀ ਮੋਮਨੋ!
'ਕਾਫ਼ਰ ਵਿਧਵਾ' ਦੇ ਅੱਥਰੂ ਚੰਡੀ ਦੀ ਵਾਰ ਹੁੰਦੇ ਨੇ)
ਹੁਣੇ ਕੋਈ ਕਲਮ ਅੰਬਰਾਂ ਨੂੰ ਉੱਡ ਗਈ ਏ!

ਪੰਛੀ ਦੀ ਪਰਵਾਜ਼-
ਫ਼ਿਜ਼ਾ 'ਚ ਗੂੰਜਦਾ ਸਾਜ਼-
ਕਲਮ ਦੀ ਆਵਾਜ਼-
ਕੌਣ ਜਾਣਦੈ ਇੰਨ੍ਹਾਂ ਦੇ ਮਜ਼੍ਹਬ ਦਾ ਰਾਜ਼?
ਧਮੰਤਰ ਦੇ ਅੱਗ ਬਣਨ ਤੋਂ ਪਹਿਲਾਂ
ਜਾਗ ਮੇਰੇ ਪੰਜਾਬ!
ਹੁਣੇ ਕੋਈ ਚੀਕ ਅੰਬਰਾਂ ਨੂੰ ਉੱਡ ਗਈ ਏ!

ਸਰਾਭੇ ਤੇ ਪਿੰਗਲੇ ਦੀ ਫਾਂਸੀ:
ਨਾ ਹਿੰਦੂ ਫਾਂਸੀ - ਨਾ ਸਿੱਖ ਫਾਂਸੀ
ਬਿਸਮਿਲ ਤੇ ਅਸਫ਼ਾਕ ਦੀ ਫਾਂਸੀ:
ਨਾ ਹਿੰਦੂ ਫਾਂਸੀ - ਨਾ ਮੁਸਲਮਾਨ ਫਾਂਸੀ
ਰਾਜਗੁਰੂ ਸੁਖਦੇਵ ਭਗਤ ਸਿੰਘ ਦੀ ਫਾਂਸੀ:
ਨਾ ਹਿੰਦੂ ਫਾਂਸੀ - ਨਾ ਸਿੱਖ ਫਾਂਸੀ
ਫਾਂਸੀ ਦੇ ਵਾਰਸ ਦਾ ਨਾਮ ਜਾਂ ਮਨੁੱਖ ਹੈ
ਜਾਂ ਰਾਮ-ਮੁਹੰਮਦ-ਸਿੰਘ-ਆਜ਼ਾਦ
ਜਾਗ ਮੇਰੇ ਪੰਜਾਬ!
ਹੁਣੇ ਕੋਈ ਲਲਕਾਰ ਅੰਬਰਾਂ 'ਚ ਫੈਲ ਗਈ ਏ!

• (GRANDE PRAIRIE, ALBERTA)

## ਅਸੀਂ ਵੀ ਕਾਫ਼ਰ ਹਾਂ

(ਸੁਮੀਤ ਦੇ ਨਾਂ)

•ਅਵਤਾਰ ਗਿੱਲ•

ਕੌਣ ਕਹਿੰਦਾ ਹੈ
ਸੁਮੀਤ ਮੋਇਆ ਹੈ?
ਸੁਮੀਤ ਤਾਂ ਭਲਿਓ ਲੋਕੋ
ਤੁਹਾਡੀ ਖ਼ਾਤਰ
ਸ਼ਹੀਦ ਹੋਇਆ ਹੈ।

ਲੋਕਾਂ ਨਾਲ ਖੜ੍ਹਨ ਵਾਲੇ
ਸੱਚ ਲਈ ਲੜਨ ਵਾਲੇ
ਕਦੀ ਮਰਿਆ ਨਹੀਂ ਕਰਦੇ
ਫਰੇਬੀ ਸਾਧਾਂ ਦੇ ਬੇੜੇ
ਕਦੀ ਤਰਿਆ ਨਹੀਂ ਕਰਦੇ।

ਜੇ ਸੁਮੀਤ ਕਾਫ਼ਰ ਸੀ
ਤਾਂ ਜਾਣੋ ਅਸੀਂ ਵੀ ਕਾਫ਼ਰ ਹਾਂ
ਉਸੇ ਦੀ ਮੰਜ਼ਲ ਵੱਲ ਜਾਂਦੇ
ਰਾਹ ਦੇ ਸਭ ਮੁਸਾਫ਼ਰ ਹਾਂ

ਰਾਹ ਦੇ ਰੋੜੇ, ਰਾਹ ਸਾਡਾ
ਕਦੇ ਵੀ ਰੋਕ ਨਹੀਂ ਸਕਦੇ,
ਠੇਡੇ ਮਾਰ ਕੇ ਅਸਾਂ ਤਾਂ
ਮੰਜ਼ਲ ਮਾਰ ਜਾਣੀ ਹੈ।
ਭੌਂਕਦੀ ਰਹੇ ਦਿਨ ਰਾਤ ਭਾਵੇਂ
ਕੁੱਤਿਆਂ ਦੀ ਜੋ ਢਾਣੀ ਹੈ।

ਜਿਹੜੇ ਬਹਿਰੂਪੀਏ ਨਾਗਾਂ ਨੇ
ਸਾਡੇ ਸੁਮੀਤ ਨੂੰ ਡੰਗਿਆ ਹੈ
ਖੁੱਡੋਂ ਕੱਢ ਚੁਰਾਹੇ ਵਿੱਚ
ਉਨ੍ਹਾਂ ਦੀ ਅਲਖ ਮੁਕਾਣੀ ਹੈ।

ਸੁਮੀਤ! ਯਾਰ ਗ਼ਮਗੀਨ ਨਾ ਹੋਵੀਂ-
ਅਸੀਂ ਤੇਰਾ ਸਾਥ ਨਹੀਂ ਛਡਦੇ
ਲਾਈ ਤੋੜ ਨਿਭਾਉਣ ਲਈ
ਅਸਾਂ ਕਸਮ ਪੁਗਾਣੀ ਹੈ।

• (SHERWOOD PARK, ALBERTA)

## ਜਿਉਂਦੇ ਵਸਦੇ ਸ਼ਬਦ

(ਨਿੱਕੇ ਵੀਰ ਸ਼ੰਮੀ ਦੇ ਨਾਂ ਜਿਸਨੂੰ ਜ਼ਾਲਮ ਫਿਰਕੂ ਹਨੇਰੀ ਸਾਥੋਂ ਖੋਹ ਲੈ ਗਈ)

• ਲਾਟ ਭਿੰਡਰ•

ਆਇਰਲੈਂਡ ਤੋਂ ਵਿਲਾਇਤ ਤੱਕ
ਇਰਾਨ ਤੋਂ ਇਰਾਕ ਤੱਕ
ਜੇਰੂਸਲਮ ਤੋਂ ਬੇਰੂਤ ਤੱਕ
ਅੰਮ੍ਰਿਤਸਰ ਤੋਂ ਦਿੱਲੀ ਤੱਕ
ਸਾਰੇ ਲੋਕ ਜਿਉਣਾ ਚਾਹੁੰਦੇ
ਸੀ ਉਨ੍ਹਾਂ ਨੂੰ ਵੀ ਪੂਰਾ ਹੱਕ:
ਜੋ ਬੰਬਾਂ ਉਡਾਏ ਤੇ ਮੋਰਚਿਆਂ ਨੇ ਖਾਏ
ਜੋ ਬੱਸਾਂ ਤੇ ਗੱਡੀਆਂ 'ਚੋਂ ਧੂਹ ਕੇ ਮੁਕਾਏ
ਜੋ ਵਿੱਛੜੇ ਨੇ ਸਾਥੋਂ ਨਾ ਜਾਂਦੇ ਭੁਲਾਏ

ਇਹ ਕਾਲਖਾਂ ਦੇ ਸੌਦਾਗਰ
ਔਰੰਗੇ ਤੇ ਬਾਬਰ
ਅਖੌਤੀ ਧਰਮ-ਨਿਰਪੱਖੀ
ਨਕਾਬਪੋਸ਼ ਜਾਬਰ
ਪਾਪਾਂ ਦੀ ਖੱਟੀ ਤੇ ਜੀਂਦੇ ਦਰਿੰਦੇ
ਮਿਹਨਤਕਸ਼ਾਂ ਦਾ ਖ਼ੂਨ ਪੀਂਦੇ ਦਰਿੰਦੇ
ਮਲਕ ਭਾਗੋਆਂ ਦੇ ਇਹ ਪੈਰੋਕਾਰ
ਮੱਜ਼ਹਬ ਠੱਗਾਂ ਦੇ ਪੱਕੇ ਇਹ ਯਾਰ
ਗੋਬਿੰਦ ਦੀ ਭੇਟ ਚੜ੍ਹਾਉਂਦੇ
ਲਹੂ ਲੁਹਾਣ ਲਾਸ਼ਾਂ ਦੇ ਹਾਰ
ਸਮਾਜਵਾਦੀ ਕਹਾਉਂਦੇ ਨੇ ਦੇਖੋ ਲੋਕ-ਦੁਸ਼ਮਣ
ਮਨੁੱਖਤਾ ਦੇ ਮੱਥੇ ਤੇ ਕਲੰਕ ਇਹ ਗੱਦਾਰ!

ਆਓ ਸਾਰੇ ਸੰਗਰਾਮਾਂ ਦਾ
ਚੁੱਕ ਲਈਏ ਝੰਡਾ
ਖਤਮ ਕਰੀਏ, ਬੰਦੇ ਹੱਥੋਂ-
ਬੰਦੇ ਦੀ ਲੁੱਟ-ਧੰਦਾ
ਪੱਗ ਤੇ ਜਨੇਊ ਦੇ ਆਪਸੀ ਵਹਿਸ਼ੀ ਕਤਲ
ਰੋਕੀਏ ਸਰਗਰਮ, ਪਛਾਣੀਏ ਮਨੁੱਖ ਦੀ ਸ਼ਕਲ
ਲੋਟੂਆਂ ਦੀ ਇਸ ਢਾਣੀ ਦੀਆਂ
ਮੱਕਾਰ ਚਾਲਾਂ ਜਾਣੀਏ!
'ਜਿਉਂਦੇ ਵਸਦੇ' ਸ਼ਬਦਾਂ ਦੇ
ਡੂੰਘੇ ਅਰਥ ਮਾਣੀਏ!!

• (EDMONTON, ALBERTA)

# ਉਹ ਜੋ ਮਰ ਗਿਆ ਹੈ — ਮੈਂ ਉਸਦੇ ਜਿਉਣ ਦੀ ਇੱਛਾ ਹਾਂ

ਆਪਣੇ ਪਤੀ ਸੁਮੀਤ ਦੀ ਯਾਦ ਵਿਚ ਇਹ ਪੂਨਮ ਦੀ ਤਕਰੀਰ ਨਹੀਂ ਸੀ, ਇਕ ਇਕ ਹੂਕ ਸੀ, ਜਿਹੜੀ ਸ਼ੋਕ ਸਮਾਗਮ ਵਿਚ ਜੁੜੇ ਹਰ ਦਿਲ ਨੂੰ ਵਿਨ੍ਹ ਗਈ, ਇਹ ਇਕ ਹੰਝੂ ਸੀ ਜਿਹੜਾ ਸ਼ਾਇਦ ਅੰਗਿਆਰ ਵਧੇਰੇ ਸੀ, ਇਹ ਪੰਜਾਬ ਦੀ ਹਰ ਉਸ ਔਰਤ ਦੀ ਆਵਾਜ਼ ਸੀ ਜਿਸਦੇ ਸੁਹਾਗ ਵਲ ਬੰਦੂਕ ਸੇਧਤ ਹੈ। ਇਹ ਪੂਰੇ ਦਾ ਪੂਰਾ ਤੜਪਦਾ ਹੋਇਆ ਦਿਲ ਸੀ .....

ਜੋ ਮਰ ਗਿਆ ਹੈ ਉਹ ਜਿਊਣਾ ਚਾਹੁੰਦਾ ਸੀ। ਉਹ ਸਬਜ਼ੀ ਉਗਾਂਦਾ ਸੀ, ਫਲ ਉਗਾਂਦਾ ਸੀ, ਵਿਚਾਰ ਉਗਾਂਦਾ ਸੀ ਮੈਂ ਕੌਣ ਹਾਂ ?

— ਉਹ ਜੋ ਮਰ ਗਿਆ ਹੈ, ਮੈਂ ਉਸਦੀ ਜਿਉਣ ਦੀ ਇਛਾ ਹਾਂ।

— ਬਹੁਤ ਸਦੀਆਂ ਪਹਿਲਾਂ ਇਕ ਸੁਮੀਤ ਸੀ। ਮੀਂਹ ਨਹੀਂ ਸੀ ਪੈਂਦਾ, ਉਦੋਂ ਇੰਦਰ ਦੇਵਤਾ ਤੇ ਸਭਨਾਂ ਨੂੰ ਬੜਾ ਯਕੀਨ ਸੀ। ਲੋਕਾਈ ਨੱਚ ਰਹੀ ਸੀ, ਇੰਦਰ ਦੇਵਤੇ ਨੂੰ ਖੁਸ਼ ਕਰਨ ਲਈ ਸੁਮੀਤ ਨਹੀਂ ਸੀ ਨਚਿਆ। ਉਸ ਨੂੰ ਨੱਚਣ ਦਾ ਮੀਂਹ ਨਾਲ ਤਲਕ ਸਮਝ ਨਹੀਂ ਸੀ ਆਂਦਾ। ਉਸ ਨੂੰ ਕਤਲ ਕਰ ਦਿਤਾ ਗਿਆ। ਹਾਇ! ਵੇਲੇ ਦਾ ਉਹ ਧਰਮ! ਜੋ ਅੱਜ ਨਹੀਂ ਰਿਹਾ। ਉਦੋਂ ਸੁਮੀਤ ਕਿਉਂ ਮਾਰਿਆ ਗਿਆ ਸੀ ਮੈਨੂੰ ਅਜ ਤੱਕ ਸਮਝ ਨਹੀਂ ਆ ਰਹੀ।

— ਧਰਮ ਨਿਰਪੇਖ! ਮੈਂ ਸਿੱਖ ਹਾਂ ਪਰ ਮੈਂ ਧਰਮ ਨਿਰਪੇਖ ਹਾਂ। ਮੈਂ ਹਿੰਦੂ ਹਾਂ ਪਰ ਮੈਂ ਧਰਮ ਨਿਰਪੇਖ ਹਾਂ। ਨਹੀਂ ਨਹੀਂ! ਮੈਂ ਸੁਮੀਤ ਹਾਂ। ਮੈਨੂੰ ਸੂਰਜ ਤੇ ਯਕੀਨ ਹੈ ਤੇ ਹਰਿਆਲੀ ਤੇ। ਤੇ ਆਦਮੀ ਦੇ ਬਣਾਏ ਹਰ ਧਰਮ ਤੋਂ ਮੈਂ ਨਿਰਪੇਖ ਹਾਂ। ਮੈਂ ਨਵਾਂ ਮਨੁੱਖ ਹਾਂ। ਸਿਖ ਗੁਰੂਆਂ ਦੀਆਂ ਸ਼ਹਾਦਤਾਂ, ਉਹਨਾਂ ਦੀਆਂ ਸਿਖਿਆਵਾਂ ਤੋਂ ਮੈਨੂੰ ਹਿੰਮਤ ਮਿਲਦੀ ਹੈ, ਪਰ ਸੰਸਥਾ !

— ਆਦਮੀ ਮਰ ਸਕਦਾ ਏ ਤਾਂ ਆਦਮੀ ਦੇ ਬਣਾਏ ਧਰਮ ਵੀ ਮਰ ਸਕਦੇ ਨੇ। ਬੋਅ ਮਾਰਦੇ ਮੁਰਦੇ ਘੜੀਸੇ ਜਾ ਰਹੇ ਨੇ। ਇਕ ਪਹਿਲੀ ਸਦੀ ਦਾ ਹੈ। ਇਕ ਪੰਜਵੀਂ ਦਾ, ਕੋਈ ਦਸਵੀਂ ਦਾ। ਮੈਨੂੰ ਬੋਅ ਆ ਰਹੀ ਹੈ ਇਹਨਾਂ ਮੁਰਦਿਆਂ ਤੋਂ ਲਹੂ ਪੀਣੇ ਧਰਮ—ਕਿਸੇ ਨੂੰ ਭੁਲੇਖਾ ਨਹੀਂ ਹੋਣਾ ਚਾਹੀਦਾ। ਅਜ ਦਾ ਸੂਰਜ ਕਿਥੇ ਹੈ ? ਮੈਨੂੰ ਰੋਸ਼ਨੀ ਵਿਖਾਓ, ਜਿਹੜਾ ਫੁੱਲ ਅਜ ਸਵੇਰੇ ਖਿੜਿਆ ਹੈ, ਉਹ ਕਿਥੇ ਹੈ, ਮੈਨੂੰ ਉਸਦੀ ਖੁਸ਼ਬੂ ਸੁੰਘਾਓ।

ਭੁਲੇਖੇ ! ਮਾਰਸ਼ਲ ਰੇਸ ! ਲੜਾਕੂ ਯੋਧੇ ! ਇਕ ਮਾਰਸ਼ਲ ਰੇਸ ਨੇ ਮੇਰੀ ਘੁੱਗੀ ਮਾਰ ਦਿਤੀ। ਮੇਰਾ ਗੁਟਕਦਾ ਕਬੂਤਰ ਢੂੰਡ ਦਿਤਾ। ਦੁਹਾਈ ਲੋਕੋ ! ਦੁਹਾਈ !

— ਅਕਾਲੀਓ ! ਪੰਜਾਬ ਦੇ ਚੌਧਰੀਓ ! ਪਾਣੀਆਂ ਵਿਚ ਲੀਕਾਂ ਪਾਉਂਦੇ ਸਓ ? ਏਡੀ ਹਿਮਾਕਤ ? ਗੁਰੂ ਤੁਹਾਡਾ ਗੁੰਗਾ ਹੋਇਆ ਗੁਰਦੁਆਰੇ ਵਿਚ ਕੈਦ ਹੈ। ਸਿਖ ਸੰਗਤੋਂ ਗੁਰਦੁਆਰਿਆਂ ਦਾ ਰਾਖੀ ਨਹੀਂ, ਆਪਣੇ ਗੁਰੂ ਨੂੰ ਰਿਹਾ ਕਰਕੇ ਲਿਆਓ, ਤੁਹਾਡਾ ਗੁਰੂ ਕੈਦ ਹੈ। ਭੋਲਿਓ, ਤੇ ਤੁਸੀਂ ਮੁਰਦੇ ਗਿਣਦੇ ਹੋ ?

— ਮੈਂ ਬਹੁਤ ਖੁਸ਼ ਹਾਂ ਕਿ ਮੇਰਾ ਕੜੇ ਵਾਲਾ ਘਰ ਵਾਲਾ ਹਿੰਦੂ ਸਮਝ ਕੇ ਮਾਰਿਆ ਗਿਆ। ਬੱਸ ਵਿਚੋਂ ਕੱਢ ਕੇ ਹਿੰਦੂ ਮਾਰੇ ਗਏ ਸਨ ਤਾਂ ਉਸ ਨੂੰ ਬਹੁਤ ਸ਼ਰਮ ਆਈ ਸੀ। ਗੁਰੂ ਤੇਗ ਬਹਾਦਰ ਹਿੰਦੂਆਂ ਖਾਤਰ ਮਰੇ। ਮੇਰਾ ਘਰ ਵਾਲਾ ਨਿਮਾਣਾ, ਸੱਤ ਵਾਰ ਨਿਮਾਣਾ, 'ਹਿੰਦੂ' ਮਾਰਿਆ, ਪੰਜਾਬ ਦੀ ਆਸ— ਪ੍ਰੀਤਲੜੀ ਦਾ ਸੰਭਾਵਨਾਵਾਂ ਭਰਿਆ ਸੰਪਾਦਕ ਪੰਜਾਬ ਦੇ ਚੌਧਰੀਆਂ ਨੇ ਮਾਰ ਲਿਆ—ਕੀ ਇਹ ਪਸ਼ਚਾਤਾਪ ਨਹੀਂ ? ਇਹ ਆਪਾ ਮਾਰੂ ਪਾਗਲਪਣ ਹੁਣ ਠੱਲ੍ਹ ਜਾਵੇਗਾ ?

— ਮੇਰਾ ਮਸਤਾਨਾ ਘਰ ਵਾਲਾ ! ਤੀਹ ਸਾਲਾਂ ਵਿਚ—ਇਕ ਇਹੋ ਜਿਹਾ ਰੰਗ ਬਣ ਗਿਆ ਸੀ ਜੋ ਸਭ ਰੰਗਾਂ ਨਾਲ ਫਬ ਜਾਂਦਾ ਸੀ। ਉਸਦੀ "ਮੈਂ" ਦੀ ਲਕੀਰ ਉਸ ਏਨੀ ਪਤਲੀ ਕਰ ਲਈ ਕਿ ਉਸਦੇ ਵਜੂਦ ਦਾ ਭਾਰ ਹਵਾ ਜਿੰਨਾ ਸੀ—ਹਵਾ ਜੋ ਹਨੇਰੀ ਵੀ ਹੁੰਦੀ ਹੈ, ਤੇ ਰੁਮਕਦੀ, ਪੱਤੇ ਨੂੰ ਪਲੋਸਦੀ ਮਿੱਠੀ ਛੋਹ ਵੀ। ਪੁਰਾਣੇ ਨੂੰ ਤੋੜਨ ਤੇ ਨਵੇਂ ਨੂੰ ਪਾਲਣ ਦੀ ਸ਼ਕਤੀ ਕੁਦਰਤ ਦੀ, ਉਸਦੇ ਪਰਵਾਰ ਦੀ ਉਸਨੂੰ ਦੇਣ ਸੀ। ਅੱਛਾ ਸ਼ਮੀ, ਤੇਰੇ ਜੀਵਣ ਦਾ ਅਜੇ ਵੇਲਾ ਨਹੀਂ ਸੀ ਆਇਆ। ਤੂੰ ਮਰਿਆ ਹੈਂ, ਤਾਂ ਇੰਝ ਜਿਵੇਂ ਆਪਣੇ ਸੰਪਾਦਕੀਆਂ ਦਾ ਸਿਖਰਲਾ ਨੁਕਤਾ ਸਿੱਧ ਕਰਨਾ ਹੋਵੇ।

—ਪ੍ਰੀਤਲੜੀ ਲਹੂ ਲੁਹਾਣ ਹੈ ਪਰ ਕੋਈ ਨਾ ਆਖੇ—ਨਿਰਲੇਪ ਹੈ। ਪੰਜਾਬ ਦੀ ਤੜਪਦੀ ਰੂਹ ਵਿਚ ਉਸ ਆਪਣੇ ਜਿਗਰ ਦੇ ਟੋਟੇ ਦੀ ਰੂਹ ਰਲਾਈ ਹੈ। ਅਜੇ ਇਸ ਵਿਚ ਹੋਰ ਲਹੂ ਹੈ।

'ਕੈਨੇਡਾ ਦਰਪਣ' ਵੈਨਕੂਵਰ ਦਾ ਇੱਕ ਸੰਪਾਦਕੀ:

# ਸੁਮੀਤ ਸਿੰਘ ਦਾ ਕਤਲ ਕਿਉਂ ?

ਸੁਮੀਤ ਸਿੰਘ 'ਪ੍ਰੀਤਲੜੀ' ਦੇ ਸੰਪਾਦਕ ਹੀ ਨਹੀਂ ਸਨ - ਉਹ 'ਪ੍ਰੀਤ ਲਹਿਰ' ਦੇ ਵਾਰਸ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਪੋਤਰੇ ਤੇ ਪ੍ਰਸਿੱਧ ਕਹਾਣੀਕਾਰ ਤੇ ਵਾਰਤਕ ਲਿਖਾਰੀ ਨਵਤੇਜ ਸਿੰਘ ਦੇ ਸਪੁੱਤਰ ਸਨ ਗੁਰਬਖਸ਼ ਸਿੰਘ ਨਾਲ ਜੋ ਪ੍ਰੀਤ ਦੇ ਸੰਕਲਪ ਦਾ ਯੁੱਗ ਸ਼ੁਰੂ ਹੋਇਆ ਸੀ ਉਹ ਸੁਮੀਤ ਸਿੰਘ ਦੇ ਕਤਲ ਨਾਲ ਸਮਾਪਤ ਹੋ ਗਿਆ ਹੈ ਅਤੇ ਨਾਲ ਹੀ 'ਪ੍ਰੀਤਲੜੀ' ਜੋ ਹਜ਼ਾਰਾਂ ਦਿਲਾਂ ਦੀ ਧੜਕਣ ਬਣ ਚੁੱਕੀ ਸੀ, ਉਸ ਦਾ ਵੀ ਅੰਤ ਹੋ ਗਿਆ। ਪ੍ਰੀਤ ਨਗਰ ਪਹਿਲਾਂ ਪਾਕਿਸਤਾਨ ਵਿਚ ਗੁਰਬਖਸ਼ ਸਿੰਘ ਨੇ ਵਸਾਇਆ। 1947 ਵਿਚ ਪ੍ਰੀਤ ਨਗਰ ਉਜੜਿਆ - ਅੱਜ 37 ਸਾਲ ਬਾਅਦ ਪ੍ਰੀਤ ਨਗਰ ਨੂੰ ਫਿਰ ਉਜਾੜਨ ਦਾ ਮਨਸੂਬਾ ਫਿਰਕੂ ਜਨੂੰਨੀਆਂ ਸਿਰੇ ਚੜ੍ਹਾਇਆ ਹੈ।

ਜਦੋਂ 1947 ਵਿਚ ਪ੍ਰੀਤ ਨਗਰ ਉਜੜਿਆ ਅਤੇ ਮੁਲਕ ਦੀ ਵੰਡ ਮਜ਼ੵਬ ਦੇ ਅਧਾਰ ਤੇ ਹੋਈ ਤਾਂ ਉਸ ਸਮੇਂ ਅੰਗਰੇਜ਼ੀ ਸਾਮਰਾਜ ਨੂੰ ਇਸ ਦਾ ਦੋਸ਼ੀ ਠਹਿਰਾਇਆ ਗਿਆ। ਅੰਮ੍ਰਿਤਾ ਪ੍ਰੀਤਮ ਨੇ ਵਾਰਸ਼ ਸ਼ਾਹ ਨੂੰ ਆਵਾਜ਼ਾਂ ਮਾਰੀਆਂ। ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਨੂੰ ਵੰਡਿਆ ਗਿਆ ਤੇ ਅੱਜ ਮੁੜ ਫਿਰਕੂ ਜਨੂੰਨ ਦਾ ਨਾਗ ਫੁੰਕਾਰੇ ਮਾਰ ਰਿਹਾ ਹੈ ਤੇ ਅੱਜ ਇਸ ਨਾਗ ਨੇ ਫਿਰ ਪੰਜਾਬ ਨੂੰ ਡੱਸਿਆ ਹੈ। ਇਹ ਵਿਹੁ-ਵਲਿਸੀ ਵਾਅ ਅੱਜ ਫਿਰ ਪੰਜਾਬ ਦੀ ਧਰਤੀ ਤੇ ਗੇੜੇ ਦੇ ਰਹੀ ਹੈ ਅਤੇ ਉਨ੍ਹਾਂ ਪੰਜਾਬ ਦੇ ਸਪੂਤਾਂ ਨੂੰ ਡੰਗਣ ਤੇ ਤੁਲ ਗਈ ਹੈ ਜਿਨ੍ਹਾਂ ਦੀਆਂ ਕਲਮਾਂ ਦੁਹਾਈਆਂ ਦੇ ਰਹੀਆਂ ਹਨ ਕਿ ਇਸ ਫਿਰਕੂ ਸੱਪ ਦਾ ਸਿਰ ਫੇਹ ਦਿਉ - ਨਹੀਂ ਉਵੇਂ 1947 ਵਾਂਗ ਬੱਚੇ ਨੇਜ਼ਿਆਂ ਤੇ ਟੁੰਗੇ ਜਾਣਗੇ, ਔਰਤਾਂ ਦੀ ਇਜ਼ਤ ਚੁਰਾਹਿਆਂ ਵਿਚ ਰੁਲੇਗੀ।

ਅੱਜ ਜਿਹੜੇ ਕਦੀ ਇਕ ਫਿਰਕੇ ਦੀਆਂ ਦੁਹਾਈਆਂ ਦੇ ਰਹੇ ਹਨ ਤੇ ਕਦੀ ਦੂਜੇ ਦੀਆਂ - ਉਹ ਇਹ ਭੁਲ ਰਹੇ ਹਨ ਕਿ ਮਜ਼ੵਬ ਨੇ ਦੁਨੀਆਂ ਵਿਚ ਜਿੰਨੇ ਕਤਲ ਕਰਵਾਏ ਹਨ, ਉਨੇ ਕਿਸੇ ਪਲੇਗ ਨੇ ਨਹੀਂ ਮਾਰੇ। ਸੰਸਾਰ ਦੀਆਂ ਦੋਵਾਂ ਜੰਗਾਂ ਵਿਚ ਉਨੇ ਲੋਕ ਨਹੀਂ ਮਰੇ ਜਿੰਨੇ ਇਨ੍ਹਾਂ ਮਜ਼ੵਬਾਂ ਦੀਆਂ ਲੜਾਈਆਂ ਨੇ ਕਤਲ ਕਰਵਾਏ ਹਨ। ਈਸਾਈ ਧਰਮ ਇਕ ਹੈ ਪਰ ਇਸ ਦੇ ਦੋਵਾਂ ਹਿੱਸਿਆਂ - ਕੈਥੋਲਿਕ ਤੇ ਪ੍ਰੋਟੈਸਟੈਂਟਾਂ - ਵਿਚ ਵੀ ਝਗੜਾ ਹਮੇਸ਼ਾਂ ਮਾਰੂ ਰੂਪ ਧਾਰਨ ਕਰਦਾ ਰਿਹਾ ਹੈ।

ਸੁਮੀਤ ਨੇ ਇਸ ਫਿਰਕੂ ਲੜਾਈ ਦੇ ਵਿਰੋਧ ਵਿਚ ਖੁਲ੍ਹ ਕੇ ਕਲਮ ਚੁੱਕੀ ਕੀ ਕਲਮ ਦੇ ਵਾਰ ਤੋਂ ਹੀ ਫਿਰਕੂ ਜਨੂੰਨੀ ਏਨੇ ਘਬਰਾ ਗਏ ਕਿ ਉਨ੍ਹਾਂ ਸੁਮੀਤ ਨੂੰ ਕਤਲ ਕਰਨ ਦੀ ਸਾਜ਼ਿਸ਼ ਗੁੰਦ ਲਈ ? ਤਲਵਾਰਾਂ, ਸਟੇਨ ਗੰਨਾਂ ਤੇ ਕਾਰਬਾਈਨਾਂ ਨਾਲੋਂ ਵੀ ਕਲਮ ਦੀ ਸ਼ਕਤੀ ਵੱਧ ਗਈ ? ਗੁਰਬਖਸ਼ ਸਿੰਘ ਤੇ ਨਵਤੇਜ ਸਿੰਘ ਨੇ ਸੈਂਕੜੇ ਕਹਾਣੀਆਂ 1947 ਦੇ ਮਾਰੂ ਸਮੇਂ ਦੀਆਂ ਲਿਖੀਆਂ। ਗੁਰਬਖਸ਼ ਸਿੰਘ ਉਤੇ ਵੀ ਫਿਰਕੂ ਲੋਕਾਂ ਇਲਜ਼ਾਮ ਲਾਏ ਸਨ, ਪਰ ਏਨਾ ਬੁਜ਼ਦਿਲ ਤੇ ਕਮੀਨਾ ਵਾਰ ਕਦੇ ਨਹੀਂ ਸੀ ਹੋਇਆ।

'ਪ੍ਰੀਤਲੜੀ' ਨੇ ਪਿਛਲੇ ਚਾਰ ਦਹਾਕਿਆਂ ਵਿਚ ਹਜ਼ਾਰਾਂ ਪਾਠਕ ਪੈਦਾ ਕੀਤੇ, ਹਜ਼ਾਰਾਂ ਪੰਜਾਬੀ ਨੌਜਵਾਨ ਅਗਾਂਹ ਵਧੂ ਵਿਚਾਰਾਂ ਦੀ ਪਾਹੁਲ 'ਪ੍ਰੀਤਲੜੀ' ਤੋਂ ਲੈਂਦੇ ਰਹੇ - ਅਗਾਂਹ ਵਧੂ ਲਹਿਰ ਪੰਜਾਬ ਵਿਚ ਪੈਦਾ ਕਰਨ ਵਿਚ ਜਿੰਨਾ ਰੋਲ 'ਪ੍ਰੀਤਲੜੀ' ਦਾ ਹੈ, ਉਨਾਂ ਕਿਸੇ ਅਖਬਾਰ ਜਾਂ ਰਸਾਲੇ ਦਾ ਨਹੀਂ। ਕੀ ਪੰਜਾਬ ਦੇ ਹਜ਼ਾਰਾਂ ਨੌਜਵਾਨ 'ਪ੍ਰੀਤਲੜੀ' ਦੀ ਮੌਤ ਨੂੰ ਏਨੀ ਆਸਾਨੀ ਨਾਲ ਭੁਲ ਜਾਣਗੇ !

ਕਲਮ ਜਿਨ੍ਹਾਂ ਦਾ ਇਸ਼ਟ ਹੁੰਦਾ ਹੈ, ਉਹ ਅਜਿਹੀਆਂ ਬੁਜ਼ਦਿਲ ਕਾਰਵਾਈਆਂ ਤੋਂ ਕਦੇ ਨਹੀਂ ਡਰਦੇ। ਪੰਜਾਬੀ ਦੇ ਬੁਧੀਮਾਨਾਂ, ਲਿਖਾਰੀਆਂ ਤੇ ਪੰਜਾਬ ਦੇ ਸਿਆਸੀ ਲੀਡਰਾਂ ਦੇ ਸਾਹਮਣੇ ਸੁਮੀਤ ਸਿੰਘ ਦੀ ਪਤਨੀ ਸ੍ਰੀ ਮਤੀ ਪੂਨਮ ਸਿੰਘ ਨੇ ਸੁਮੀਤ ਸਿੰਘ ਦੇ ਅੰਤਮ ਸਸਕਾਰ ਸਮੇਂ ਕਿਸੇ ਵੀ ਰਸਮ ਕਰਨ ਤੋਂ ਇਨਕਾਰ ਕਰਦਿਆਂ ਕਿਹਾ, 'ਕੀ ਮਜ਼ੵਬ ਕਤਲ ਕਰਨੇ ਸਿਖਾਉਂਦਾ ਹੈ ?'

ਸੁਮੀਤ ਸਿੰਘ ਦੇ ਕਤਲ ਨਾਲ ਪੰਜਾਬੀ ਪੱਤਰਕਾਰੀ ਦਾ ਰੋਸ਼ਨ ਚਰਾਗ ਬੁਝਿਆ ਹੈ ਅਤੇ ਪੰਜਾਬੀ ਪੱਤਰਕਾਰੀ ਲਈ 22 ਫਰਵਰੀ ਦਾ ਦਿਨ ਹਮੇਸ਼ਾਂ ਕਾਲਾ ਦਿਨ ਗਿਣਿਆ ਜਾਵੇਗਾ।

## ਆਓ ! ਫ਼ਿਰਕੂ ਚੇਤਨਾ ਤੋਂ ਸੁਚੇਤ ਹੋਈਏ

•

ਪ੍ਰੀਤ ਲੜੀ
ਅਕਤੂਬਰ 81
ਦਾ ਸੰਪਾਦਕੀ

ਜਦ 'ਮੁਸਲਮਾਨ' ਦਿਸਦਾ ਹੈ ਤਾਂ ਹਿੰਦੂ ਸਿਖ ਭਰਾ–ਭਰਾ ਹਨ ! ਜਦ 'ਹਿੰਦੂ' ਦਿਸਦਾ ਹੈ ਤਾਂ ਸਿਖ ਸਿਖ ਭਰਾ–ਭਰਾ ਹਨ ! ਜਿਥੇ ਹਿੰਦੂ ਨਹੀਂ ਓਥੇ ਮਾਝ੍ਹਾ ਮਾਲਵਾ ਹੈ, ਓਥੇ ਜੱਟ, ਗ਼ੈਰ-ਜੱਟ ਹੈ, ਤੇ ਓਥੇ ਮਜ਼੍ਹਬੀ ਹੈਨ ! ਜਿਥੇ ਜੱਟ ਹਨ, ਓਥੇ ਵੀ ਜੱਟਾਂ ਵਿਚੋਂ ਜੱਟ ... ਫ਼ਲਾਣੀ ਗੋਤ ਵਾਲਾ ਜੱਟ ਮੰਨਿਆ ਜਾਂਦਾ ਹੈ ! 'ਉਹ ਗੋਤ ਵਾਲੇ ਤਾਂ ਜੀ ਬਾਹਮਣੋਂ ਸਿਖ ਹੋਏ ਹਨ' ਜਾਂ 'ਉਹ ਗੋਤ ਵਾਲੇ ਤਾਂ ਜੱਟਾਂ ਵਿਚੋਂ ਬਾਣੀਏ ਹਨ' — ਆਦਿ ।

ਫ਼ਿਰਕੂ ਚੇਤਨਾ ਤਾਂ ਆਪਣਾ ਧੁਰ ਟੱਬਰ ਵਿਚ ਵੀ ਲਭ ਲੈਂਦੀ ਹੈ — ਕਿਥੇ ਤਕ ਅਸੀਂ ਤਕਸੀਮ ਕਰ ਕੇ ਅਸਲੀ, ਖ਼ਾਲਸ, ਪਾਕ ਆਦਮੀਆਂ ਦਾ ਮੁਲਕ ਬਣਾ ਲਵਾਂਗੇ ?

ਜਰਮਨ, ਵਹਿਸ਼ੀ, ਹਿਟਲਰ ਨੇ ਇਸੇ 'ਖ਼ਾਲਸ ਚੇਤਨਾ' ਦੇ ਅਧੀਨ 'ਅਸਲੀ ਨਸਲ — ਆਰੀਆ ਨਸਲ' ਦੇ ਹੇਠ ਕੱਟੜਵਾਦੀਆਂ ਨੂੰ ਜੋੜਨ ਦੀ ਕੋਸ਼ਿਸ਼ ਕੀਤੀ । ਇਸ ਰੋਹ ਦੀ ਅੱਗ ਨੂੰ ਉਸ ਨੇ ਏਨੀ ਪੱਖੀ ਝੱਲੀ, ਏਨੀ ਕਿ ਗ਼ੈਰ 'ਆਰੀਆ' ਉਨ੍ਹਾਂ ਨੂੰ ਜਾਨਵਰ ਨਜ਼ਰ ਆਉਂਦੇ, ਤੇ ਉਹ ਮਾਰਦੇ ਚਲੇ ਗਏ, ਸਾੜਦੇ ਚਲੇ ਗਏ — ਪਰ ਉਹ ਲੰਘ ਚੁਕੀਆਂ ਸਦੀਆਂ ਦੀ ਚੇਤਨਾ ਸੀ । ਹਿਟਲਰ ਨੇ ਸਮੇਂ ਨੂੰ ਪਿਛੇ ਖਿੱਚਣਾ ਚਾਹਿਆ ਤੇ ਅਖ਼ੀਰ ਆਪਣੀ ਜਰਮਨੀ ਨੂੰ ਤਬਾਹ ਕਰਕੇ ਆਪੂੰ ਗੋਲੀ ਮਾਰ ਕੇ ਮਰ ਗਿਆ । ਦੁਨੀਆਂ ਨੂੰ ਭਾਵੇਂ ਕਿਵੇਂ ਵੀ ਵੰਡੀ ਚਲੇ ਜਾਓ — ਗੋਰੇ ਸਭ ਤੋਂ ਆਲ੍ਹਾ, ਗੋਰਿਆਂ ਵਿਚੋਂ ਵੀ ਆਰੀਆ ਆਲ੍ਹਾ, ਤੇ ਕਾਲਿਆਂ ਵਿਚੋਂ ਏਸ਼ੀਆਈ ਆਲ੍ਹਾ, ਤੇ ਏਸ਼ੀਆਈਆਂ ਵਿਚੋਂ ਮੁਸਲਮਾਨ ਅਸਲੀ ਰੱਬ ਦੇ ਬੰਦੇ — ਬਾਕੀ ਕਾਫ਼ਰ ! ਮਾਂ 'ਤੇ ਵੀ ਸਾਰਿਆਂ ਬੱਚਿਆਂ ਵਿਚੋਂ ਇਕ ਨੂੰ ਵਧੇਰੇ ਚਾਹੁਣ ਦੀ ਤੁਹਮਤ ਲੱਗ ਜਾਂਦੀ ਹੈ । ਤੇ ਟੱਬਰ ਵਿਚ ਪਾੜੇ ! ਇਹ ਆਦਮੀ ਦੀ ਪੁਰਾਣੀ ਕਮਜ਼ੋਰੀ ਹੈ ।

ਤੇ ਮਨੁਖ ਅੰਦਰਲੀ ਇਸ ਅਚੇਤ ਕਮਜ਼ੋਰੀ ਨੂੰ ਜਾਣਦਿਆਂ, ਕੁਝ ਸ਼ੈਤਾਨ ਮਨਾਂ ਆਪਣੇ ਨਿਜੀ ਫ਼ਾਇਦਿਆਂ ਲਈ ਆਮ ਜਨਤਾ ਨੂੰ ਹਮੇਸ਼ਾਂ ਅਤਿਵਾਦੀ ਘਿਨਾਉਣੀਆਂ ਹਰਕਤਾਂ ਲਈ ਉਕਸਾਇਆ । ਤੇ ਦੇਸ਼ ਵਿਚਲੀਆਂ ਕਈ ਲਹਿਰਾਂ ਨੂੰ, ਜੋ ਆਮ ਜਨਤਾ ਦੇ ਹੱਕਾਂ ਲਈ ਲੜੀਆਂ ਗਈਆਂ, ਇਨ੍ਹਾਂ ਅਤਿਵਾਦੀ ਅੰਸ਼ਾਂ ਨੇ ਹਮੇਸ਼ਾ ਪਿਛਾਂਹ ਹੀ ਨਹੀਂ ਖਿਚਿਆ, ਸਗੋਂ ਲੋਕਾਂ ਦੀ ਲਹਿਰ ਨੂੰ ਆਮ ਲੋਕਾਂ ਤੋਂ ਤੋੜਿਆ, ਅਤੇ ਸਾਮਰਾਜ ਨੂੰ ਹੋਰ ਤਕੜਿਆਂ ਕੀਤਾ — ਇਤਿਹਾਸ ਗਵਾਹ ਹੈ ।

ਅਜ ਜਦੋਂ ਅਸੀਂ ਸਮੁਚੇ ਪੰਜਾਬ ਲਈ ਨਹੀਂ, ਪੰਜਾਬੀਆਂ ਲਈ ਨਹੀਂ ਸੋਚ ਰਹੇ, ਬਲਕਿ ਇਕ ਕੌਮ, ਸਿਖ ਕੌਮ ਨੂੰ ਸਮੁਚੇ ਪੰਜਾਬ ਤੋਂ ਵਖ ਕਰਨ ਦੀ ਗੱਲ ਕਰਦੇ ਹਾਂ, ਸਿਖਾਂ ਨਾਲ ਹੋ ਰਹੇ ਵਿਤਕਰੇ ਦੀ ਗੱਲ ਕਰਦੇ ਹਾਂ — ਧਰਮ ਦੀ ਆੜ ਵਿਚ ਸਮੁਚੀ ਸਿੱਖ ਕੌਮ ਦੇ ਨੁਮਾਇੰਦੇ ਬਣ ਸਿਖਾਂ ਨੂੰ ਹਨੇਰੇ ਵਿਚ ਹੀ ਨਹੀਂ ਰਖ ਰਹੇ ਬਲਕਿ ਆਪਣੀਆਂ ਨਿਰੋਲ ਨਿੱਜੀ ਪ੍ਰਾਪਤੀਆਂ ਲਈ ਵਿਲਕਦੇ, ਆਪਸੀ ਪਾੜਾ ਪਾ, ਇਕ ਮਹਾਨ ਵਿਰਸੇ ਤੇ ਠੋਸ ਪਰੰਪਰਾ ਵਾਲੀ ਸਿੱਖ ਕੌਮ ਦਾ ਨਾਸ ਕਰਨ 'ਤੇ ਤੁਲੇ ਹੋਏ ਹਾਂ — ਕੀ ਇਤਿਹਾਸ ਏਨੀ ਛੇਤੀ ਭੁਲਣ ਵਾਲੀ ਚੀਜ਼ ਹੈ ?

ਅਸੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ, ਸ੍ਰ: ਗੁਰਚਰਨ ਸਿੰਘ ਟੌਹੜਾ ਜੀ ਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੂੰ ਤੇ ਅਕਾਲੀ ਪਾਰਟੀ ਨੂੰ ਅਪੀਲ ਕਰਦੇ ਹਾਂ ਕਿ ਇਸ ਸਭ ਤੋਂ ਸੁਚੇਤ ਹੋ, ਪਰੰਪਰਾ ਨੂੰ ਤੋਰਦਿਆਂ ਸਮੁੱਚੀ ਪੰਜਾਬੀ ਕੌਮ ਤੇ ਭਾਸ਼ਾ ਲਈ ਲਾਮਬੰਦ ਹੋਈਏ — ਤੇ ਉਡ ਰਹੀਆਂ ਗ਼ਲਤ ਅਫ਼ਵਾਹਾਂ ਵਿਰੁਧ ਤੇ ਸਾਰੇ ਪੰਜਾਬ ਵਿਚ ਅਣ–ਸੁਖਾਵੇਂ ਵਾਤਾਵਰਨ ਨੂੰ ਸ਼ਾਂਤ ਰਖਣ ਲਈ ਯਤਨਸ਼ੀਲ ਹੋਈਏ !

•

ਲੇਖਕਾਂ ਨੂੰ ਅਕਸਰ ਕਹਿੰਦਿਆਂ ਸੁਣਿਆ ਜਾਂਦਾ ਹੈ ਕਿ ਉਹ ਰਾਜਸੀ ਹਾਲਾਤ ਵਿਚ ਦਖ਼ਲ ਦੇਣੋਂ ਪਰਹੇਜ਼ ਕਰਦੇ ਹਨ ।

ਅਜ ਜੇ ਮਹੌਲ ਵਿਚ ਫਿਰਕੂ ਤਨਾਅ ਵਧਦਾ ਹੈ ਤਾਂ ਲੋਕ ਇਹਨਾਂ ਤੋਂ ਸੇਧ ਦੀ ਆਸ ਰੱਖਣਗੇ । ਪਰ ਇਹ ਲਾਚਾਰ ਹੋਣਗੇ ਕਿਉਂਕਿ ਇਹਨਾਂ ਜਦ ਵਾੜ ਨੂੰ ਅੱਗ ਲਗੀ ਸੀ, ਤਾਂ ਕਲਮ ਨਹੀਂ ਚੁਕੀ, ਤੇ ਹੁਣ ਜਦ ਖੇਤ ਲਾਟਾਂ ਮਾਰੇਗਾ ਤਾਂ ਕਿੰਝ ਸਾਂਭਣਗੇ ? ਅੱਗ ਲਾਉਣ ਵਾਲੇ, ਚੋਰੀ ਕਰਨ ਵਾਲੇ ਤੇ ਫ਼ਿਰਕੂ ਭਾਵਨਾ ਉਕਸਾਣ ਅਤੇ ਜੁਰਮ ਕਰਨ ਵਾਲਿਆਂ ਦੇ ਦਿਮਾਗ਼ ਲੂੰਬੜ ਨਾਲੋਂ ਤਿਖੇ ਹੁੰਦੇ ਹਨ ਤੇ ਰਾਖੇ ਨਾ ਕੁੰਡੀਆਂ ਲਾਉਣ, ਨਾ ਬਚਾਅ ਕਰਨ ਤਾਂ ਕੀ ਬਣੇਗਾ ? ਸਮਾਜ ਦੇ ਦੁਸ਼ਮਣਾਂ ਆਪਣਾ ਕਰਮ ਕਰੀ ਜਾਣਾ ਹੈ ਤੇ ਅਸੀਂ ਵੈਰਾਗ ਲੈ ਬੈਠੇ ਰਹਾਂਗੇ ਸਿਰਫ਼ ਫੁੱਲਾਂ ਦੀ ਤੇ ਨਿਰੀ ਸੁਹਜ ਦੀ ਹੀ ਗੱਲ ਕਰਨ ਲਈ —

ਅਜ ਜਦੋਂ ਚਾਰੇ ਪਾਸੇ ਮਹੌਲ ਵਿਗੜ ਰਿਹਾ ਹੈ, ਚਾਹੇ ਸਮਾਜ-ਵਿਰੋਧੀ ਅੰਸ਼ਾਂ ਕਾਰਨ ਚਾਹੇ ਕਿਸੇ ਨਿਰੋਲ ਸਿਆਸਤ ਕਾਰਨ, ਤਾਂ ਅਸੀਂ ਜੇ ਚੁਪ ਧਾਰੀ ਬੈਠੇ ਰਹਾਂਗੇ, ਅਣਚਾਹੇ ਹੀ, ਉਹਨਾਂ ਦਾ ਸਾਥ ਦੇ ਰਹੇ ਹੋਵਾਂਗੇ —

– ਸੁਮੀਤ ਸਿੰਘ

# ਸਿਆਸਤ, ਧਰਮ ਤੇ ਧਰਮ ਨਿਰਪੱਖਤਾ

• ਪ੍ਰੀਤ ਲੜੀ ਜੂਨ 82 ਦਾ ਸੰਪਾਦਕੀ

ਪੂਰੇ ਮਹੀਨੇ ਤੋਂ ਪੰਜਾਬ ਫੇਰ ਪ੍ਰਾਂਤ, ਦੀਆਂ ਹੀ ਨਹੀਂ ਕੌਮੀ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਹੈ। ਕਿਸੇ ਮੁਖ ਪ੍ਰਾਪਤੀ ਕਰਕੇ ਨਹੀਂ ਬਲਕਿ ਧਾਰਮਕ ਬੇਅਦਬੀਆਂ ਨਾਲ ਹੋਏ ਫ਼ਸਾਦਾਂ ਕਾਰਨ—ਸਮੁੱਚੇ ਪੰਜਾਬੀਆਂ ਲਈ, ਭਾਵੇਂ ਉਹ ਕਿਤੇ ਵੀ ਵਸਦੇ ਹਨ, ਬੜੀ ਸ਼ਰਮਨਾਕ ਹਾਲਤ ਹੈ।

•

ਬੜੀ ਦੇਰ ਤੋਂ ਪੜ੍ਹਨ ਵਿਚ ਆ ਰਹੇ ਹਨ ਪੰਜਾਬੀ ਦੀਆਂ ਦੋ ਮੁੱਖ ਅਖ਼ਬਾਰਾਂ ਦੇ ਸੰਪਾਦਕੀ, ਜੋ ਅਹਿਮ ਮਸਲਿਆਂ ਤੋਂ ਹਟ ਕੇਵਲ ਮਹਾਸ਼ਾਈ ਖਾਲਸਾਈ ਨਾਹਰਿਆਂ ਨਾਲ ਭੋਲੇ ਭਾਲੇ ਲੋਕਾਂ ਦੇ ਧਾਰਮਕ ਸੰਸਕਾਰਾਂ ਨੂੰ ਕਟੜਤਾ ਦੀ ਹਵਾ ਦੇ ਰਹੇ ਹਨ—ਅਖ਼ਬਾਰਾਂ ਨੂੰ, ਹਿੰਦੂ ਸਿੱਖ ਵਖਰੇਵਾਂ ਪਾ ਦੋਵਾਂ ਧਿਰਾਂ ਵਿਚ ਵਧ ਤੋਂ ਵਧ ਵੇਚਣ ਲਈ।

•

ਪ੍ਰਮੁਖ ਸਿਆਸੀ ਟਿਪਣੀਆਂ ਨੇ ਏਸ ਸਾਰੀ ਹਾਲਤ ਨੂੰ ਪੰਜਾਬ ਦੀ ਰਾਜ ਸਰਕਾਰ ਦੀ ਅਸਫ਼ਲਤਾ ਤੇ 'ਕੇਂਦਰ' ਦੀ ਦਖ਼ਲ ਅੰਦਾਜ਼ੀ ਕਹਿ ਬਿਆਨਿਆ ਹੈ।

•

ਸਰਕਾਰ ਦਾ ਬਿਆਨਾਂ ਰਾਹੀਂ ਇਸ਼ਤਿਹਾਰਾਂ ਰਾਹੀਂ ਦਾਅਵਾ ਕਿ ਸਰਕਾਰ ਧਰਮ ਨਿਰਪੱਖ ਹੈ।

•

ਅਸੀਂ ਲੋਕ ਜੋ ਸਿਆਸਤ ਵਿਚ ਹਾਂ, ਰਾਜ ਸੱਤਾ ਵਿਚ ਹਾਂ ਜਾਂ ਜ਼ਿੰਮੇਵਾਰ ਆਗੂ ਹਾਂ, ਸੰਪਾਦਕ ਹਾਂ, ਟਿਪਣੀਕਾਰ ਹਾਂ, ਭੁਲ ਗਏ ਜਾਪਦੇ ਹਾਂ ਉਹਨਾਂ ਸਾਖੀਆਂ, ਸੰਸਕਾਰਾਂ ਤੇ ਇਤਿਹਾਸ ਨੂੰ ਜਿਨਾਂ ਆਪਣੇ ਆਪਣੇ ਧਰਮ ਵਿਚ ਰਹਿ ਦੂਸਰੇ ਧਰਮ ਦੀ ਇਜ਼ਤ ਕਰਨੀ ਸਿਖਾਈ।

ਅਸੀਂ ਭੁਲ ਗਏ ਹਾਂ ਓਸ ਜਨ-ਸਧਾਰਨ ਨੂੰ ਜਿਸ ਜਨ ਸਧਾਰਨ ਲਈ ਧਰਮ ਕੋਈ ਕੰਡਾ ਨਹੀਂ ਜੋ ਸੀਨਾ ਚੀਰੇ, ਅੱਖਾਂ ਵਿਚ ਖ਼ੂਨ ਲਿਆਵੇ। ਧਰਮ ਉਹਦੇ ਅੰਦਰ ਹੈ ਉਹਦੇ ਸੁਪਨੇ ਵਾਂਗ। ਉਹਦੀ ਤਾਂਘ ਵਾਂਗ, ਉਹਦੀ ਇਨਸਾਨੀਅਤ, ਉਹਦੇ ਅਨੁਸ਼ਾਸਨ ਵਾਂਗ। ਧਰਮ ਬੇਤਹਾਸ਼ਾ ਵੈਰ ਨਹੀਂ ਜਗਾਉਂਦਾ। ਇਹ ਸਿਰਫ਼ ਇਕ ਰਾਹ ਹੈ ਵਿਸ਼ਾਲ ਨੂੰ ਮਿਲਣ ਦਾ। ਪੀੜੀਆਂ ਜੱਫੀਆਂ ਪਾਉਣ ਦਾ। ਤੇ ਪੰਜਾਬੀਆਂ ਨੇ ਇਹ ਸਿੱਟਾ ਬੜੀ ਕੀਮਤ ਤਾਰ ਕੇ ਕੱਢਿਆ ਹੈ। ਆਪੇ ਸਿਟਾ ਕਢਕੇ ਆਪੇ ਗਲਤ ਹੋਣਾ ਬਹੁਤ ਮੁਸ਼ਕਲ ਹੈ।

ਤੇ ਫੇਰ ਇਹ ਗਊ ਦੇ ਕੰਨ, ਗਊ ਦੇ ਸਿਰ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਪਾਟੇ ਪੰਨੇ, ਸਿਗਰਟਾਂ ਬੀੜੀਆਂ, ਕਤਲ ਦੰਗੇ, ਫ਼ਸਾਦ—ਇਹ ਕਿਉਂ?

ਇਹ ਇਕ ਖ਼ਾਸ ਅਨਸਰ ਹੈ। ਜੋ ਅਜੋਕੇ ਸਿਸਟਮ ਵਿਚਲੇ ਅਸੁਰਖਿਅਤ ਜੀਵਨ ਦੀ ਆਪਾ ਧਾਪੀ ਦਾ ਸ਼ਿਕਾਰ ਹੈ। ਤੇ ਹਰ ਘਟੀਆ ਸਿਆਸਤ (ਚਾਹੇ ਉਹ ਸੱਤਾ ਵਿਚ ਹੈ) ਏਸ ਅਨਸਰ ਨੂੰ, ਆਪਣੀ ਆਪਣੀ ਸਿਆਸਤ ਦੇ ਡੋਲਦੇ ਤਰਾਜ਼ੂ ਨੂੰ ਸਾਵੇਂ ਰਖਣ ਲਈ, ਵੱਟਿਆਂ ਵਾਂਗ ਵਰਤਦੀ ਹੈ। ਇਹ ਜਦ ਤਕ ਹੁੰਦਾ ਰਹੇਗਾ, ਇਹ ਸਭ ਕੁਝ ਇੰਜ ਹੀ ਤੇ ਇਸ ਤੋਂ ਵੀ ਭਿਆਨਕ ਵਾਪਰਦਾ ਰਵੇਗਾ (ਪ੍ਰਤੀਕਰਮ ਸਾਹਮਣੇ ਹੈ)।

ਸਰਕਾਰ ਜੋ ਧਰਮ ਨਿਰਪੱਖ ਨੀਤੀ ਰਖਦੀ ਹੈ ਇਸ ਸਭ ਤੋਂ ਸੁਚੇਤ ਹੋਵੇ। ਠੋਸ ਨੀਤੀਆਂ ਅਪਣਾਵੇ। ਅਜੋਕੀ ਅਨਪੜ੍ਹਤਾ ਤੇ ਕਟੜਪੰਥੀ ਦਾ ਸਾਹਮਣਾ ਕਰਨ ਲਈ ਚੰਗਾ ਸਾਹਿਤ ਲੋਕਾਂ ਨੂੰ ਦੇਵੇ।

ਕੇਵਲ ਇਸ਼ਤਿਹਾਰਬਾਜ਼ੀ ਤੇ ਬਿਆਨਬਾਜ਼ੀ ਨਾਲ ਕੁਝ ਨਹੀਂ ਹੋਵੇਗਾ।

ਅਜ ਦੀ ਕੰਡਿਆਲੇ ਰਾਹਾਂ ਨਾਲ ਭਰੀ ਜ਼ਿੰਦਗੀ ਜਿਸ ਵਿਚੋਂ ਅਸੀਂ ਸਭ ਗੁਜ਼ਰ ਰਹੇ ਹਾਂ, ਵਿਚ ਜ਼ਰੂਰ ਫੁਲ ਖਿੜਨਗੇ।

—ਸੁਮੀਤ ਸਿੰਘ

# ?

• ਪ੍ਰੀਤ ਲੜੀ ਨਵੰਬਰ 82 ਦਾ ਸੰਪਾਦਕੀ

ਕੋਈ ਵੀ ਸਰਕਾਰੀ ਪਰਫਾਰਮਾ ਭਰਨਾ ਹੋਵੇ—ਇਕ ਅਜੀਬ ਜਿਹੇ ਨੁਕਤੇ ਤੇ ਜਾਣਕਾਰੀ ਮੰਗੀ ਗਈ ਹੁੰਦੀ ਹੈ—ਧਰਮ ?

ਉਤਰ ਸਪਸ਼ਟ ਹੋਣਗੇ—ਸਿੱਖ, ਹਿੰਦੂ, ਇਸਾਈ, ਮੁਸਲਮਾਨ, ਬੋਧੀ, ਆਦਿ, ਆਦਿ।

ਤੇ ਅਖੀਰ ਥਲੇ ਇਕ ਪੋਲੀ ਜਿਹੀ ਇਬਾਰਤ 'ਕਿ ਕੀ, ਤੁਸੀਂ ਭਾਰਤਵਾਸੀ ਹੋ/ਜਾਂ ਨਹੀਂ ?' ਆਦਮੀ ਬਗੈਰ ਸੋਚੇ 'ਨਹੀਂ' ਵਾਲੀ ਥਾਂ ਕਾਟਾ ਮਾਰੇਗਾ—'ਕੌਮੀ ਇਕਸੁਰਤਾ ਦੇ ਨਾਹਰੇ ਵਾਲੀ ਸਰਕਾਰ, ਸਰਕਾਰੀ ਪਰਫਾਰਮੇ ਦੀ ਤਰਤੀਬ, ਕੌਮੀ ਇਕਸੁਰਤਾ ਲਈ ਬਦਲ ਦੇਵੇ।

•

ਇਕ ਟੱਬਰ ਵਿਚ ਇਕ ਹੀ ਧਰਮ ਬਾਰੇ 'ਹਿਸਟੀਰੀਆ' ਹੁੰਦਾ ਹੈ। ਦੂਸਰੇ ਧਰਮਾਂ ਬਾਰੇ, ਸਭਿਅਤਾ ਬਾਰੇ ਕਿਸੇ ਕਿਸਮ ਦੀ ਸਿਖਿਆ ਨਹੀਂ ਮਿਲਦੀ। ਦੂਸਰੇ ਧਰਮਾਂ, ਸਭਿਅਤਾ ਬਾਰੇ ਜਿਗਿਆਸਾ ਦਾ ਬੀਜ ਵੀ ਨਹੀਂ ਹੁੰਦਾ।

ਅਜ ਦੇ ਆਧੁਨਿਕ ਯੁਗ ਵਿਚ ਇਹ ਅਨਾਧੁਨਿਕਤਾ ਹੈ !

•

ਇਨਸਾਨੀਅਤ ਦੇ ਹੋਰ ਪੈਰੋਕਾਰਾਂ ਵਾਂਗ ਹੀ,

ਗੁਰੂ ਨਾਨਕ ਨੇ 500 ਸਾਲ ਤੋਂ ਕੁਝ ਵਧ ਸਮਾਂ ਪਹਿਲਾਂ ਪੁਰਾਣੀਆਂ ਪੱਥਰ ਹੋਈਆਂ ਰਹੁ ਰੀਤਾਂ ਨੂੰ ਤੋੜਨ ਦਾ ਜੁਰਅਤ ਭਰਿਆ ਕਦਮ ਚੁਕਿਆ—ਕੂੜ ਦੁਨੀਆਂ ਵਿਚ ਚਾਨਣ ਫੈਲਾਣ ਦਾ ਜਤਨ। ਤੇ ਉਹਨਾਂ ਦੇ ਅਨੁਯਾਈਆਂ ਨੇ ਬੇਅੰਤ ਤਸੀਹੇ ਵੀ ਝੱਲੇ। ਅਜ ਇਹਨਾਂ ਅਨੁਯਾਈਆਂ ਦੀ ਕਈ ਪੀੜ੍ਹੀਆਂ ਬਾਅਦ ਦੀ ਸੰਤਾਨ ਕੀ ਮੁੜ ਕੱਟੜ ਨਹੀਂ ਹੋ ਗਈ ? ਸਰਬ ਸਾਂਝੀਵਾਲਤਾ ਦਾ ਆਦਰਸ਼ ਹਰ ਧਰਮ ਹਥੋਂ ਕਿਤੇ ਬਹੁਤ ਪਹਿਲਾਂ ਛੁਟ ਚੁਕਿਆ ਹੈ। ਅੱਜ ਧਰਮ ਦੇ ਨਾਂ ਬਸ ਗੁਟ-ਬੰਦੀਆਂ ਹਨ, ਜਿਸ ਵਿਚ ਆਮ ਆਦਮੀ ਲਈ ਥਾਂ ਨਹੀਂ। ਇਹਨਾਂ ਦੇ ਕਲਾਵੇ ਵਿਚ ਦੁਨੀਆਂ ਨਹੀਂ, ਆਪਣਾ ਆਪਣਾ ਗੁਟ ਹੈ ਤੇ ਇਹਨਾਂ ਗੁਟਾਂ ਵਿਚ ਬਦਲਦੀਆਂ ਨਵੀਆਂ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਨ ਦੀ ਸਮਰਥਾ ਨਹੀਂ।

•

ਇਕ ਟੈਕਸੀ ਡਰਾਈਵਰ ਨੇ, ਜਿਸ ਇਕੋ ਵੇਲੇ ਪੰਜਾਹ ਪੰਜਾਹ ਆਦਮੀ ਆਪਣੀ ਚਾਲ੍ਹੀ ਸਾਲ ਪੁਰਾਣੀ ਸਟੇਸ਼ਨ ਵੈਗਨ 'ਤੇ ਲੱਦੇ ਹੁੰਦੇ ਹਨ, ਆਪਣੀਆਂ ਅੱਖਾਂ ਦੇ ਸਾਹਮਣੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਦੇ ਨਾਲ, ਭਗਤ ਸਿੰਘ ਦੀ (ਟੋਪੀ ਪਾਈ) ਤਸਵੀਰ ਲਾਈ ਹੋਈ ਹੈ। ਇਕੋ ਕੱਦ ਵਿਚ, ਇਕ ਕਤਾਰ ਵਿਚ, ਕੰਨੀ ਨਾਲ ਕੰਨੀ ਜੁੜੀ ਹੋਈ—ਸਦਾ ਮਹਾਨ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਤੇ ਭਗਤ ਸਿੰਘ ਸ਼ਹੀਦ ਦੀ ਤਸਵੀਰ। ਭਗਤ ਸਿੰਘ ਇਕ ਪਰਵਾਨਾ, ਆਧੁਨਿਕ, ਸੂਰਮਗਤੀ ਵਾਲਾ ਦੇਸ਼ ਵਾਸੀ। ਜੋ ਸੱਚਮੁਚ ਆਪਣੇ ਗੁਰੂਆਂ ਵਾਂਗ ਸਰਬ ਸਾਂਝੀਵਾਲਤਾ ਚਾਹੁੰਦਾ ਸੀ,ਸੱਚਮੁਚ ਵੰਡ ਛਕਣ ਦੇ ਆਦਰਸ਼ ਲਈ ਜਾਨ 'ਤੇ ਖੇਡ ਗਿਆ। ਗੁਰੂਆਂ ਦੇ ਨਾਲ, ਟੈਕਸੀ ਡਰਾਈਵਰ ਨੇ ਇਸ ਕੇਸ-ਕਟੇ-ਟੋਪੀ-ਪਹਿਨੇ ਸੂਰਮੇ ਨੂੰ ਸੰਗਤ ਵਿਚ ਬਿਠਾਇਆ ਹੈ। ਜਿਸ ਦੀਆਂ ਮੋਟੀਆਂ ਅੱਖਾਂ ਵਿਚ ਚਿੱਤਰਕਾਰ ਨੇ ਉਹੋ ਨੂਰ ਭਰਿਆ ਹੈ, ਜੋ ਸਦਾ ਮਹਾਨ ਗੁਰੂ ਗੋਬਿੰਦ ਸਿੰਘ ਦੇ ਦ੍ਰਿੜ੍ਹ ਨੈਣਾਂ ਵਿਚ ਦਿਸਦਾ ਹੈ।

ਆਮ ਲੋਕਾਂ ਦੇ ਦਿਲਾਂ ਵਿਚ, ਸਾਰੀ ਇਨਸਾਨੀਅਤ ਦਾ ਭਲਾ ਸੋਚਣ ਵਾਲਿਆਂ ਲਈ ਹੀ ਅਸਲੀ ਥਾਂ ਹੈ।

•

ਟਾਂਗੇ ਵਿਚ ਦਸ ਜਣੇ ਬੈਠੇ ਹਨ। ਗਊ ਦੀ ਪੂਛ ਦੀ ਗੱਲ ਚਲ ਰਹੀ ਹੈ...ਪੇਂਡੂ ਲਈ ਗਊ ਪੂਜ ਹੈ, ਭਾਵੇਂ ਹਿੰਦੂ ਭਾਵੇਂ ਸਿੱਖ। ਇਕ ਬੋਲਿਆ, '...ਏਸੇ ਤਰ੍ਹਾਂ ਧਰਮ ਖ਼ਤਮ ਹੁੰਦੇ ਹਨ।' ਹੋ ਸਕਦੈ ਉਹ ਕੋਈ ਰਹਿ ਚੁਕਿਆ ਫ਼ੌਜੀ ਹੋਵੇ, ਜਿਸ ਦੁਨੀਆਂ ਵੇਖੀ ਹੋਵੇ... । —ਸੁਮੀਤ ਸਿੰਘ

• ਪ੍ਰੀਤ ਲੜੀ ਮਈ ੮੩ ਦਾ ਸੰਪਾਦਕੀ

ਲੋਕਾਂ ਨੂੰ ਪਿਆਰ ਕਰਨ ਵਾਲਾ, ਬੜੇ ਚੰਗੇ ਦਿਲ ਵਾਲਾ, ਨੇਕ ਅਸੂਲਾਂ ਵਾਲਾ, ਬਰੂਟਸ, ਪਤਾ ਨਹੀਂ ਕਿਵੇਂ, ਸ਼ਾਇਦ ਆਪਣੀ ਚੰਗਿਆਈ ਕਰਕੇ ਹੀ, ਕੈਸ਼ਿਅਸ ਵਿਚਲੇ ਸ਼ੈਤਾਨ ਨੂੰ ਨਹੀਂ ਸੀ ਪਹਿਚਾਣ ਸਕਿਆ। ਤੇ ਬੇ-ਅਸੂਲੇ ਨੇਕੀ ਤੋਂ ਦੂਰ ਸ਼ੈਤਾਨ ਕੈਸ਼ੀਅਸ ਨੇ ਬਰੂਟਸ ਦੀ ਏਸ ਨਦਾਨੀ ਨੂੰ ਆਪਣੀ ਢਾਲ ਬਣਾ ਲਿਆ। ਨਿਰੋਲ ਰਾਜਨੀਤੀ ਲਈ, ਮੁਲਕ ਵਿਚ ਬਦਅਮਨੀ ਦੀ ਅੱਗ ਫੈਲ ਗਈ। ਤੇ ਜਦੋਂ ਏਸ ਅੱਗ ਵਿਚੋਂ ਬਰੂਟਸ ਨੂੰ ਕੈਸ਼ਿਅਸ ਦਾ ਸ਼ੈਤਾਨ ਚਿਹਰਾ ਸਾਫ਼ ਨਜ਼ਰ ਆਇਆ ਤਾਂ ਬਹੁਤ ਦੇਰ ਹੋ ਚੁਕੀ ਸੀ-ਬਰੂਟਸ ਲਈ ਸਮੇਟਣਾ ਔਖਾ ਹੋ ਗਿਆ।

• ਪੰਜਾਬੀ ਬੋਲੀ ਤੇ ਪੰਜਾਬ ਦੀ ਖੈਰ ਮੰਗਦੀ ਅਕਾਲੀ ਪਾਰਟੀ ਦੇ ਆਗੂਓ ! ਪਿਛਲੇ ਕੁਝ ਅਰਸੇ ਦੀਆਂ ਘਟਨਾਵਾਂ ਤੋਂ ਇਹ ਸਾਫ਼ ਹੈ ਕਿ ਬਦਅਮਨੀ ਦੀ ਅੱਗ ਫੈਲ ਗਈ ਹੈ। ਤੇ ਏਸ ਅੱਗ ਵਿੱਚ ਅੱਜ ਦੇ ਕੈਸ਼ੀਅਸ ਸ਼ੈਤਾਨ ਦਾ ਚਿਹਰਾ ਬੇਨਕਾਬ ਹੋ ਆਇਆ ਹੈ। ਰਬ ਅਤੇ ਧਰਮ ਦੀ ਵਡੇ ਵਡੇ ਲਫ਼ਜ਼ਾਂ ਨਾਲ (ਖੋਖਲੀ) ਦੁਹਾਈ ਪਾਉਣ ਵਾਲਾ ਇਹ ਅੱਜ ਦਾ ਕੈਸ਼ੀਅਸ ਅਸਲ ਵਿਚ ਰੱਬ ਅਤੇ ਧਰਮ ਤੋਂ ਵਿਰਵਾ ਹੈ-ਸਮਝੌਤਾ ਨਹੀਂ, ਅਮਨ ਨਹੀਂ ਉਹ ਤਾਕਤ ਚਾਹੁੰਦਾ ਹੈ—ਆਪਣੇ ਧਰਮ ਦੇ ਸਭ ਤੋਂ ਉਚੇ ਸਥਾਨ ਸ੍ਰੀ ਹਰਿਮੰਦਰ ਸਾਹਿਬ ਇਕ ਸਿੱਖ ਜਦੋਂ 'ਡਿਠੇ ਸਭੇ ਥਾਵ, ਨਹੀਂ ਤੁਧੁ ਜੇਹਿਆ' ਦੀ ਭਾਵਨਾ ਨਾਲ ਮੱਥਾ ਟੇਕ ਪਰਤਦਾ ਹੈ ਤਾਂ ਇਕ ਹੋਰ ਸਿੱਖ ਵਲੋਂ ਗੋਲੀਆਂ ਨਾਲ ਭੁੰਨ ਦਿਤਾ ਜਾਂਦਾ ਹੈ। ਹਰ ਅਖਬਾਰ ਵਿਚ ਖਬਰ ਆਉਂਦੀ ਹੈ, 'ਮਰਦੇ ਵਕਤ ਉਹਦੇ ਹੱਥਾਂ ਵਿਚ ਪ੍ਰਸ਼ਾਦ ਸੀ'।

ਤੇ ਅਜ ਸਮੂਹ ਪੰਜਾਬੀ ਦੇ ਚਿਹਰੇ ਤੇ ਚਿਤਾ ਤੇ ਮਨ ਅੰਦਰ ਅਸੁਰਖਿਅਤਾ ਹੈ।

ਅਜ ਹਰ ਪੰਜਾਬੀ ਤੁਹਾਡੇ ਤੋਂ ਸਵਾਲ ਪੁਛਦਾ ਹੈ—ਕੀ ਅਜ ਦੇ ਕੈਸ਼ੀਅਸ ਸ਼ੈਤਾਨ ਦਾ ਚਿਹਰਾ ਤੁਹਾਨੂੰ ਨਹੀਂ ਦਿਸਿਆ ? ਜਾਂ ਫੇਰ ਕਿਤੇ ਇੰਜ ਤਾਂ ਨਹੀਂ— ਕੀ ਹੁਣ ਡੋਰ ਤੁਹਾਡੇ ਹਥ ਨਹੀਂ ?

ਸੁਮੀਤ ਸਿੰਘ

• ਪ੍ਰੀਤ ਲੜੀ ਸਤੰਬਰ ੮੩ ਦਾ ਸੰਪਾਦਕੀ

(ਸੁਮੀਤ ਦੇ ਜਿਊਂਦੇ ਜੀ ਵਤਨੋਂ ਦੂਰ (ਜਨਵਰੀ ਫਰਵਰੀ ੮੩) ਵਿੱਚ ਛਪਣ ਵਾਲੀ ਪਹਿਲੀ ਤੇ ਆਖ਼ਰੀ ਲਿਖਤ ਜੋ ਸੁਮੀਤ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਕਈ ਹੋਰ ਪਰਚਿਆਂ ਵਿੱਚ ਛਪਕੇ ਇਤਿਹਾਸਕ ਦਸਤਾਵੇਜ਼ ਬਣ ਗਈ).

ਅਖ਼ਬਾਰਾਂ — 'ਭਿੰਡਰਾਂ ਵਾਲਾ'

ਰਸਾਲੇ — 'ਭਿੰਡਰਾਂ ਵਾਲਾ'

ਸਿਆਸਤ — 'ਭਿੰਡਰਾਂ ਵਾਲਾ'

ਆਮ ਆਪਸੀ ਗਲਬਾਤ — 'ਭਿੰਡਰਾਂ ਵਾਲਾ'

•

ਫਲਾਂ ਲੇਖਕ ...

ਅਖ਼ਬਾਰਾਂ ਦੇ ਸੰਪਾਦਕ ...

ਪੱਤਰ ਪ੍ਰੇਰਕ ...

ਸਿਆਸੀ ਲੀਡਰ ...

ਕਾਨੂੰਨ ਦੇ ਰਾਖੇ ਸਰਕਾਰੀ ਅਧਿਕਾਰੀ ...

ਦੂਸਰੇ ਧਰਮਾਂ ਦੇ ਵਿਸ਼ਵਾਸੀ ...

'ਸਭ ਮਿਲ ਕੇ ਸਿੱਖ ਧਰਮ ਦੇ ਖ਼ਿਲਾਫ਼ ਇਕ ਸਾਜ਼ਸ਼' ?

ਸਿੱਖ ਧਰਮ ਦਾ ਰਾਖਾ ...

**ਭਿੰਡਰਾਂ ਵਾਲਾ !**

•

ਇਕ ਵੇਰਾਂ ਇਕ ਕੱਟੜਪੰਥੀ ਦੀਵਾਨਿਆਂ ਹਾਰ ਹਥਿਆਰ ਚੁੱਕੀ, ਆਪੇ 'ਆਪਣੇ ਧਰਮ' ਦਾ ਰਾਖਾ ਬਣ ਹਰ 'ਦੂਸਰੇ' ਨੂੰ ਵੱਢੀ ਜਾਵੇ, ਟੁੱਕੀ ਜਾਵੇ ਕਿ 'ਮੇਰਾ' ਰਬ ਬਹੁਤ ਖੁਸ਼ ਹੋਵੇਗਾ 'ਮੇਰੇ' ਏਸ ਕਰਮ 'ਤੇ !

ਤੇ ਅਖੀਰ ਉਹ ਦਿਨ ਆਇਆ—ਰੱਬ ਉਹਦਾ ਸਾਹਮਣਿਉਂ ਤੁਰਿਆ ਆਵੇ। ਤੇ ਇਹ ਖੁਸ਼ੀਆਂ ਭਰਿਆ ਛਾਤੀ ਚੌੜੀ ਕਰੀ, ਇਹ ਸੋਚ, ਕਿ ਰੱਬ 'ਮੈਨੂੰ' ਧਾ ਗਲਵਕੜੀ ਪਾਵੇਗਾ, ਰੱਬ ਵਲ ਨੱਠ ਤੁਰਿਆ। ਰੱਬ ਨੇ ਰਤਾ ਵੀ ਨਾ ਗੌਲਿਆ ਸਗੋਂ ਮੂੰਹ ਮੋੜ ਲਿਆ। ਘੋਰ ਨਿਰਾਸ਼ਾ। ਰੱਬ ਦੇ ਮਗਰ ਦੌੜਿਆ, ਚਰਨੀਂ ਜਾ ਡਿੱਗਾ, ਪੁਛਣ ਲਈ ਕਿ ਕੀ ਕੁਤਾਹੀ ਹੋਈ ਹੈ।

ਰੱਬ ਜਵਾਬ ਦਿਤਾ,

'ਉਹ ਜਿਹੜੇ ਬੰਦੇ ਤੂੰ ਵੱਢੀ ਟੁੱਕੀ ਆਇਐਂ ਉਹ ਮੇਰੇ ਬਣਾਏ ਹੀ ਤਾਂ ਸਨ, ਤੇ ਨਾਲੇ ਮੈਂ ਤੇਰਾ ਰਾਖਾ ਸੀ, ਤੂੰ ਮੇਰਾ ਰਾਖਾ ਕਦ ਤੋਂ ਬਣ ਗਿਆ ?'

[signature]

ਕਹਾਣੀ:

# ਫੈਸਲਾ

(ਗਿਰਿਧਰ ਗੋਪਾਲ)

'ਓਏ ! ਓਏ ! ਇਹ ਕੀ ?'

'ਕੁਝ ਨਹੀਂ, ਮੈਂ ਤਾਂ ! ਹੱਥ ਛੱਡ, ਛੱਡ ਮੇਰਾ ਹੱਥ !"

'ਹੱਥ ਛੱਡਾਂ ? ਤੇਰੇ ਹੱਥ 'ਚ ਕੀ ਹੈ ?'

'ਬਲੇਡ'

'ਓਏ ! ਤੂੰ ਤਾਂ ਮੇਰੀ ਜੇਬ ਕੱਟ ਲਈ, ਠਹਿਰ ਹਰਾਮਜ਼ਾਦਿਆ !' ਭਰੀ ਬੱਸ 'ਚ ਹਲਚਲ ਮਚ ਗਈ । 'ਮਾਰੋ, ਮਾਰੋ...' ਦੀ ਆਵਾਜ਼ ਨਾਲ ਰੋਡਵੇਜ਼ ਦੀ ਪੂਰੀ ਬਸ ਭਰ ਗਈ ।

'ਹੇ ਰੱਬਾ !' ਕੋਈ ਘਬਰਾ ਕੇ ਬੋਲਿਆ 'ਮੇਰੀ ਵੀ ਜੇਬ ਸਾਫ਼ ਪੂਰੇ ਸੋਲਾਂ ਸੌ ਰੁਪਏ ਸਨ, ਇਹੀ ਮੁੰਡਾ ਹੋਵੇਗਾ, ਇਹਦੇ ਨਾਲ ਇਕ ਹੋਰ ਮੁੰਡਾ ਵੀ ਚੜ੍ਹਿਆ ਸੀ, ਉਹ ਕਿਥੇ ਗਿਐ ?'

'ਉਹ ਤਾਂ ਪਿਛਲੇ ਸਟਾਪ 'ਤੇ ਹੀ ਉਤਰ ਗਿਐ, ਫੜੀ ਰਖਿਓ – ਇਹ ਵੀ ਨਾ ਨੱਠ ਜਾਵੇ !'

'ਕਿਥੇ ਨੇ ਰੁਪਏ ਉਏ ! ਬੋਲ ! ਹਰਾਮੀਆ ! ਡਰਾਈਵਰ ਬੱਸ ਰੋਕ, ਬੱਸ ਰੋਕ ।'

ਰੌਲਾ ਵਧਦਾ ਗਿਆ, ਮਾਰ-ਕੁਟਾਈ ਵੀ ਪਰ ਡਰਾਈਵਰ ਨੇ ਬਸ ਨਹੀਂ ਰੋਕੀ, ਕਿਉਂਕਿ ਕੰਡਕਟਰ ਨੇ ਸੀਟੀ ਵਜਾ ਦਿਤੀ ਸੀ — 'ਪੁਲਿਸ ਥਾਣੇ ਲੈ ਚਲੋ ਬਸ ਨੂੰ ਪੁਲਿਸ ਥਾਣੇ...' ਪਰ ਬੱਸ ਨਹੀਂ ਰੁਕੀ, ਕਈ ਸਟਾਪ ਨਿਕਲ ਗਏ ਤੇ ਦੋ ਥਾਣੇ ਵੀ, ਪਰ ਉਹ ਰੁਕੀ ਤੀਜੇ ਥਾਣੇ ਦੇ ਅੰਦਰ ।

ਬਸ ਰੁਕਦਿਆਂ ਹੀ ਡਰਾਈਵਰ ਤੇ ਕੰਡਕਟਰ ਸਭ ਤੋਂ ਪਹਿਲਾਂ ਉਤਰੇ ਤੇ ਫਿਰ ਰੌਲਾ ਪਾਉਂਦੇ ਹੋਏ ਮੁਸਾਫਿਰ ਅਤੇ ਉਨ੍ਹਾਂ ਵਿਚਕਾਰ ਫਸਿਆ ਜੇਬ ਕਤਰਾ ਜਿਸਦੇ ਚਿਹਰੇ ਉਪਰ ਡਰ ਜਾਂ ਖੌਫ ਨਹੀਂ ਸੀ ਪੁਲਿਸ ਦਾ । ਸਭ ਦੇ ਉਤਰ ਜਾਣ ਤੋਂ ਬਾਅਦ ਕੰਡਕਟਰ ਨੇ ਇਕ ਸਿਪਾਹੀ ਨੂੰ ਮੁਸਕਰਾ ਕੇ ਸਲਾਮ ਕੀਤਾ ਅਤੇ ਤੇਜ਼ ਆਵਾਜ਼ 'ਚ ਕਿਹਾ — 'ਜਿਸ ਜਿਸ ਨੇ ਗਵਾਹੀ ਦੇਣੀ ਹੈ ਅੰਦਰ ਸਾਹਿਬ ਕੋਲ ਚਲੇ ਜਾਓ ।'

'ਅਸੀਂ ਨਹੀਂ ਫਸਣਾ ਇਨ੍ਹਾਂ ਚੱਕਰਾਂ 'ਚ ਤਿੰਨ ਮੀਲ ਬਸ ਨਠਾ ਕੇ ਲੈ ਆਏ, ਹੁਣ ਵਾਪਿਸ ਕੌਣ ਛੱਡ ਕੇ ਆਏਗਾ ਤੂੰ ਜਾਂ ਇਹ ਜੇਬਕਤਰਾ ? ਦਫਤਰ ਲਈ ਦੇਰ ਹੋ ਗਈ ਬਿਨਾ ਵਜ੍ਹਾ ਉਤਰੋ ਫਟਕਾਰ ।'

'ਇਹ ਤਾਂ ਠੀਕ ਹੈ, ਪੂਰੇ ਮੁਲਕ ਵਿਚ ਹਰ ਮਾਮਲੇ 'ਚ ਗੜਬੜੀ ਫੈਲ ਗਈ ਏ !'

'ਇਹ ਤਾਂ ਕੁਝ ਵੀ ਨਹੀਂ, ਡਾਕਾ-ਕਤਲ ਆਮ ਗੱਲ ਹੋ ਗਈ ਏ, ਚਲ ਨੀ ਕੁੜੀਏ, ਤੂੰ ਕਿਉਂ ਖੜੀ ਏਂ ਇਥੇ ।"

ਮਿੰਟਾਂ 'ਚ ਹੀ ਭੀੜ ਘਟ ਗਈ, ਬਾਕੀ ਸਨ ਕੰਡਕਟਰ, ਡਰਾਈਵਰ ਜੇਬਕਤਰਾ ਤੇ ਜਿਨ੍ਹਾਂ ਮੁਸਾਫਿਰਾਂ ਦੀਆਂ ਜੇਬਾਂ ਕੱਟੀਆਂ ਗਈਆਂ ਸਨ ਜਾਂ ਥਾਣੇ ਦੇ ਬਾਹਰ ਕੁਝ ਫਾਲਤੂ ਆਦਮੀ ਬੈਠੇ ਧੁੱਪ ਸੇਕ ਰਹੇ ਸਨ । ਧੁੱਪ ਤੇਜ਼ ਹੋਣ ਲਗ ਪਈ ਸੀ, ਕਿਉਂਕਿ ਅਰਦਲੀ ਮੱਥੇ ਉਪਰਲਾ ਪਸੀਨਾ ਬਾਹਾਂ ਨਾਲ ਪੂੰਝ ਰਿਹਾ ਸੀ ਅਤੇ ਕੋਕਾ ਕੋਲਾ ਦੀਆਂ ਬੋਤਲਾਂ ਅੰਦਰ ਜਾ ਰਹੀਆਂ ਸਨ, ਅਰਦਲੀ ਦਾ ਹਾਲ ਚਾਲ ਪੁਛਣ ਤੋਂ ਬਾਅਦ ਕੰਡਕਟਰ ਤੇ ਡਰਾਈਵਰ ਆਪਣੀ ਟੋਲੀ ਨਾਲ 'ਸਾਹਿਬ' ਕੋਲ ਪਹੁੰਚੇ ।

ਮੁੱਛਾਂ ਨੂੰ ਤਾਅ ਦੇਣ ਤੋਂ ਬਾਅਦ 'ਸਾਹਿਬ' ਨੇ ਸਭ ਨੂੰ ਗਹੁ ਨਾਲ ਦੇਖਣਾ ਸ਼ੁਰੂ ਕੀਤਾ । ਅਚਾਨਕ ਉਹ ਬੜੀ ਫੁਰਤੀ ਨਾਲ ਉਠਿਆ ਅਤੇ ਕੋਲ ਜਾ ਕੇ ਜੇਬਕਤਰੇ ਦੇ ਜ਼ੋਰ ਦੀ ਲੱਤ ਮਾਰੀ, ਜੇਬਕਤਰਾ ਧਰਤੀ ਤੇ ਲਿਟ ਗਿਆ ਅਤੇ ਜ਼ੋਰ ਦੀ ਚੀਖਿਆ—'ਮਰ ਗਿਆ, ਮਰ ਗਿਆ, ਮਾਈ ਬਾਪ !' ਅਤੇ ਭੈੜੀ ਜਿਹੀ ਸੁਰ 'ਚ ਰੋਣ ਲਗ ਪਿਆ ।

'ਚੁੱਪ ਕਰ ! ਸਾਲਾ ਊਂ ਊਂ ਕਰੀ ਜਾਂਦੈ । ਰੁਪਿਆ ਕਿਥੇ ਰਖਿਐ ! ਸਾਹਿਬ ਗਰਜਿਆ । 'ਮੇਰੇ ਕੋਲ ਕੁਝ ਨਹੀਂ, ਮੈਨੂੰ ਨਹੀਂ ਪਤਾ ਸਰਕਾਰ !' ਜੇਬਕਤਰੇ ਨੇ ਰੋਂਦਿਆਂ ਜਵਾਬ ਦਿੱਤਾ ।

'ਰੁਪਿਆ ਕਿਥੇ ਹੈ ।' ਸਾਹਿਬ ਫਿਰ ਗਰਜਿਆ !

'ਸਾਹਿਬ, ਉਹ ਨੀਲੀ ਟੋਪੀ ਵਾਲਾ ਮੁੰਡਾ ਲੈ ਗਿਆ ਹੋਣੈ ।'

'ਕੌਣ ਹੈ ਉਹ ?'

'ਮੈਂ ਨਹੀਂ ਜਾਣਦਾ—ਉਸਨੂੰ, ਮਾਈ ਬਾਪ ।'

'ਤੂੰ ਹੁਣੇ ਦਸੇਂਗਾ ! ਹਰਾਮੀਆ ਤੇਰਾ ਪਿਓ ਵੀ ਦਸੇਗਾ ।' 'ਸਾਹਿਬ' ਨੇ ਜੇਬਕਤਰੇ ਉਪਰ ਲੱਤ ਨਾਲ ਇਕ ਹੋਰ ਵਾਰ ਕੀਤਾ, ਜੇਬਕਤਰਾ ਫਿਰ ਰੋ ਪਿਆ, ਅਤੇ ਸਾਹਿਬ ਕੁਰਸੀ ਉਪਰ ਆ ਕੇ ਬਹਿ ਗਿਆ ! ਇਸ ਨਜ਼ਾਰੇ ਨੂੰ ਵੇਖ ਕੇ ਕਈਆਂ ਦਾ ਪਸੀਨਾ ਚੋ ਪਿਆ, ਉਹ ਇਧਰ ਉਧਰ ਝਾਕਣ ਲਗ ਪਏ । ਸਾਹਿਬ ਨੇ ਪੁਛਿਆ—'ਜੇਬ ਕਿਸਦੀ ਕੱਟੀ ਗਈ ਹੈ ?'

'ਮੇਰੀ ।'

'ਕੀ ਨਾਂ ਏ ? ਕਿਥੇ ਰਹਿੰਦੇ ਹੋ ?'

'ਕ੍ਰਿਸਨ ਬਹਾਦੁਰ, ਆਗਰੇ ਤੋਂ ਆਇਆ ਸੀ ਦੁਕਾਨ ਲਈ ਸਮਾਨ ਲੈਣ।'

'ਕਿੰਨੇ ਰੁਪਏ ਸਨ ?'

'ਸੋਲਾਂ ਸੌ।'

'ਕਿਥੇ ਰਖੇ ਸਨ।'

'ਪੈਂਟ ਦੀ ਇਸੇ ਜੇਬ 'ਚ ਰਖੇ ਸਨ, ਆਹ ਦੇਖੋ, ਪੂਰੀ ਦੀ ਪੂਰੀ ਕਟੀ ਗਈ।' ਉਸਨੇ ਆਪਣੀ ਕਟੀ ਹੋਈ ਜੇਬ ਵਲ ਇਸ਼ਾਰਾ ਕੀਤਾ।

'ਪੈਂਟ ਦੀ ਜੇਬ 'ਚ ਰਖੇ ਸਨ ?' ਸਾਹਿਬ ਨੇ ਉਸਨੂੰ ਝਿੜਕਦਿਆਂ ਕਿਹਾ-'ਤੂੰ ਇਤਨਾ ਵੱਡਾ ਹੋ ਗਿਐਂ, ਚਾਰ ਬਚਿਆਂ ਦਾ ਪਿਓ ਹੋਵੇਂਗਾ ਅਤੇ ਰੁਪਿਆ ਜੇਬ 'ਚ ਰਖੀ ਘੁਮਦੈਂ! ਜੇਬ ਨਹੀਂ ਕੱਟੀ ਜਾਏਗੀ ? ਇਥੇ ਲੋਕ ਤੇਰਾ ਗਲ੍ਹਾ ਕੱਟ ਲੈਣਗੇ। ਇਹ ਲਖਨਊ ਹੈ, ਲਖਨਊ! ਸਮਝ ਆਈ। ਉਧਰ ਬੈਠ ਜਾ, ਉਸ ਬੈਂਚ ਉਪਰ,'' ਉਹ ਆਦਮੀ ਮੂੰਹ ਲਮਕਾ ਕੇ ਬਹਿ ਗਿਆ ਅਤੇ ਸਾਹਿਬ ਦੂਜੇ ਆਦਮੀ ਵਲ ਘੁੰਮਿਆ।

'ਗਵਾਹ ਕੌਣ ਹੈ ?'

'ਮੈਂ ਹਾਂ!'

'ਮੈਂ ਵੀ'

ਗਵਾਹ ਅੱਗੇ ਵਧੇ, ਪਰ ਉਹ ਪੂਰੀ ਤਰ੍ਹਾਂ ਠੰਡੇ ਹੋ ਚੁਕੇ ਸਨ।

'ਤੁਹਾਡਾ ਨਾਂ ?'

'ਰਾਮ ਸਿੰਘ, ਇੰਦੌਰ ਤੋਂ ਆਇਆ ਹਾਂ, ਹਾਈਕੋਰਟ ਦੇ ਇਕ ਕੇਸ ਕਾਰਣ, ਮੇਰੇ ਸਾਹਮਣੇ ਹੀ ਇਹ ਘਟਨਾ ਵਾਪਰੀ ਹੈ।'

'ਅਤੇ ਤੁਸੀਂ!'

'ਦਿਲੀਓਂ ਆਇਆ ਹਾਂ, ਵਿਆਹ 'ਚ ਜਾ ਰਿਹਾ ਹਾਂ ਗੋਰਖਪੁਰ, ਸੋਚਿਆ ਕੁਝ ਸਮਾਨ ਖਰੀਦ ਲਵਾਂ, ਬੱਸ 'ਚ ਬੈਠਿਆਂ ਤਾਂ ਇਹ ਵਾਕਿਆ ਹੋ ਗਿਆ।

'ਹੂੰ! ਠੀਕ ਹੈ, ਚਲੋ ਤੁਸੀਂ ਉਸ ਬੈਂਚ ਉਪਰ ਬਹਿ ਜਾਓ।'

ਸਾਹਿਬ ਨੇ ਇਕ ਨਜ਼ਰ ਜੇਬਕਤਰੇ ਵਲ ਸੁੱਟੀ ਅਤੇ ਆਵਾਜ ਦਿਤੀ---'ਮੁਨਸ਼ੀ ਜੀ' ਕਾਂਸਟੇਬਲਨੁਮਾਂ ਕਪੜਿਆਂ 'ਚ ਇਕ ਵਡੇਰੀ ਉਮਰ ਦੇ ਗੰਜੇ ਮੁਨਸ਼ੀ ਨੇ ਆ ਕੇ ਸਲੂਟ ਮਾਰਿਆ।

'ਦੇਖੋ, ਬਸ ਦਾ ਨੰਬਰ ਨੋਟ ਕਰ ਲਵੋ, ਡਰਾਈਵਰ ਕੰਡਕਟਰ ਦਾ ਨਾਂ ਪਤਾ ਵੀ ਅਤੇ ਬਸ ਨੂੰ ਜਾਣ ਦਿਓ, ਅਤੇ ਬਾਹਰੋਂ ਯਾਦਵ ਨੂੰ ਭੇਜ ਦਿਓ।'

'ਅੱਛਾ ਸਾਹਿਬ ਜੀ।' ਕਹਿ ਕੇ ਡਰਾਈਵਰ ਕੰਡਕਟਰ ਚਲੇ ਗਏ। ਸਾਹਿਬ ਚੁਪ ਚਾਪ ਮੇਜ਼ ਉਪਰ ਡੰਡਾ ਖੜਕਾਉਣ ਲੱਗ ਪਿਆ। ਉਥੇ ਬੈਠੇ ਗਵਾਹਾਂ ਨੂੰ ਇਹ ਆਵਾਜ ਖਟਕਣ ਲਗ ਪਈ।

ਕਰੀਬ ਅੱਧੇ ਘੰਟੇ ਬਾਅਦ ਇੰਦੌਰ ਵਾਲੇ ਗਵਾਹ ਨੇ ਕਿਹਾ—'ਕਿੰਨੀ ਕੁ ਦੇਰ ਹੋਰ ਲਗੇਗੀ ?'

'ਹਾਲੇ ਬੈਠੇ ਰਹੋ, ਗਵਾਹੀ ਦੇਣ ਆਏ ਹੋ ਜਾਂ ਬਰਾਤ ਖਾਣ। ਬੈਠ ਜਾਓ, ਇੰਨਕੁਆਰੀ ਹੈ, ਤਮਾਸ਼ਾ ਨਹੀਂ।'

'ਮੇਰਾ ਮੁਕੱਦਮਾ ਹੈ।'

'ਇਹ ਤਾਂ ਪਹਿਲਾਂ ਸੋਚਣਾ ਸੀ ਨਾ, ਬੈਠੋ, ਇੰਨਕੁਆਰੀ ਪੂਰੀ ਹੋਵੇਗੀ ਤਾਂ ਹੀ ਤੁਹਾਡੀ ਖਲਾਸੀ ਹੋਵੇਗੀ ਤਦ ਤਕ ਕੋਈ ਨਹੀਂ ਜਾ ਸਕਦਾ।'

ਬੈਂਤ ਦੀ ਆਵਾਜ਼ ਫਿਰ ਉਸ ਛੋਟੇ ਜਿਹੇ ਕਮਰੇ 'ਚ ਗੂੰਜਣ ਲਗ ਪਈ। ਖਟ, ਖਟ, ਖਟ, ਖਟ—ਉਸੀ ਸਮੇਂ ਹਾਜਿਰ ਹੋਇਆਂ ਦੈਂਤ ਵਰਗਾ ਇਕ ਇੰਨਸਪੈਕਟਰ, ਜਿਸਨੇ ਸਾਹਿਬ ਨੂੰ ਸਲੂਟ ਮਾਰਿਆ ਤੇ ਇਕ ਕਿਨਾਰੇ ਖੜਾ ਹੋ ਗਿਆ। ਅਤੇ ਖੁਦ-ਬ-ਖੁਦ ਸਾਰਾ ਮਾਮਲਾ ਸਮਝ ਗਿਆ। ਜੇਬਕਤਰੇ ਦੇ ਚਿਹਰੇ ਉਪਰ ਡਰ ਨਾ ਖੌਫ਼ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਉਹ ਚੁਪ ਚਾਪ ਫਰਸ਼ ਉਪਰ ਬੈਠਾ ਬੀੜੀ ਪੀ ਰਿਹਾ ਸੀ।

"ਇਧਰ ਆ ਉਏ" ਸਾਹਿਬ ਨੇ ਉਸ ਨੂੰ ਰੋਹਬ ਨਾਲ ਬੁਲਾਇਆ। ਜੇਬਕਤਰਾ ਸਿਰ ਨੀਵਾਂ ਕਰੀ ਮੇਜ਼ ਕੋਲ ਆ ਕੇ ਖੜਾ ਗਿਆ।

'ਮਾਲ ਕਿਥੇ ਹੈ ?' ਸਾਹਿਬ ਨੇ ਗੁੱਸੇ ਨਾਲ ਪੁਛਿਆ।

'ਮੇਰੇ ਕੋਲ ਨਹੀਂ ਹੈ ਮਾਈ-ਬਾਪ।'

'ਹੂੰ, ਤਾਂ ਅਕਲ ਟਿਕਾਣੇ ਨਹੀਂ ਆਈ ਹਾਲੇ, ਠਹਿਰ ਪੁੱਤਰਾ ਜਰਾ। ਯਾਦਵ! ਇਹਨੂੰ ਨਾਲ ਵਾਲੇ ਕਮਰੇ 'ਚ ਲੈ ਜਾ! ਅਤੇ ਔਹ ਲੈ ਮੇਰੀ ਬੈਲਟ, ਖੱਲ ਲਾਹ ਦੇ ਹਰਾਮਜ਼ਾਦੇ ਦੀ।'

'ਨਹੀਂ ਮੇਰੀ ਸਰਕਾਰ! ਮਰ ਜਾਵਾਂਗਾ ਮਾਈ-ਬਾਪ।' ਕਹਿੰਦਾ ਹੋਇਆ ਜੇਬਕਤਰਾ ਸਾਹਿਬ ਦੇ ਪੈਰਾਂ ਉਪਰ ਡਿਗ ਪਿਆ।

'ਨੱਠ ਇਥੋਂ' ਸਾਹਿਬ ਦੀ ਅਵਾਜ ਗੂੰਜੀ ਤੇ ਨਾਲ ਹੀ ਲੱਤ ਚੱਲੀ ਅਤੇ ਝਟ ਹੀ ਯਾਦਵ ਜੇਬਕਤਰੇ ਨੂੰ ਘਸੀਟਦਾ ਹੋਇਆ ਲੈ ਗਿਆ। ਖਟਾਕ ਦੀ ਅਵਾਜ ਨਾਲ ਕਮਰੇ ਦਾ ਦਰਵਾਜ਼ਾ ਬੰਦ ਹੋ ਗਿਆ।

ਜੇਬਕਤਰੇ ਦੀ, ਬੈਲਟ ਦੀਆਂ ਅਵਾਜਾਂ ਅਤੇ ਚੀਖਾਂ ਨੇ ਲੋਕਾਂ ਦੇ ਕੰਨ ਖੜੇ ਕਰ ਦਿਤੇ। ਲਗਦਾ ਜਿਵੇਂ ਦਰਵਾਜੇ

---


ਸੋਨੇ ਰੰਗੀ ਸੜਕ (ਕਾਵਿ-ਸੰਗ੍ਰਹਿ) ਤੋਂ ਬਾਅਦ ਸਾਧੂ ਦਾ
ਪਹਿਲਾ ਕਹਾਣੀ ਸੰਗ੍ਰਹਿ

ਕਿਸ ਦਾ ਕਸੂਰ

'ਚ ਕਿਸੇ ਦਾ ਸਿਰ ਮਾਰਿਆ ਜਾ ਰਿਹਾ ਹੋਵੇ।

'ਹਰਾਮਜ਼ਾਦਿਆ! ਕੁੱਤੇ ਦੀ ਔਲਾਦ, ਦਸ, ਦਸ ਜਲਦੀ, ਨਹੀਂ ਤਾਂ ਲੈ ਮਜ਼ਾ।' ਬੈਲਟ ਦੀ ਅਵਾਜ ਤੇ ਜੇਬਕਤਰੇ ਦੀਆਂ ਚੀਖਾਂ ਵਧਦੀਆਂ ਗਈਆਂ। ਲੋਕ ਆਪਣੀ ਥਾਂ ਉਪਰ ਖੜੇ ਹੋ ਗਏ। ਥਾਣੇ 'ਚ ਇਕ ਦਹਿਸ਼ਤ ਜਿਹੀ ਪਸਰੀ ਹੋਈ ਸੀ। ਜੇਬਕਤਰੇ ਦੀ ਅਖੀਰਲੀ ਚੀਖ ਤੋਂ ਬਾਅਦ ਖਾਮੋਸ਼ੀ ਫੈਲ ਗਈ, ਲੋਕਾਂ ਦੇ ਦਿਲ ਕੰਬ ਗਏ। ਉਨ੍ਹਾਂ ਨੇ ਦੇਖਿਆ ਕਿ ਨਾਲ ਵਾਲੇ ਕਮਰੇ ਦਾ ਦਰਵਾਜ਼ਾ ਖੋਹਲਿਆ ਅਤੇ ਯਾਦਵ ਨੇ ਜੇਬਕਤਰੇ ਨੂੰ ਸਾਹਿਬ ਸਾਹਮਣੇ ਲਿਆ ਕੇ ਬੋਰੇ ਵਾਂਗ ਸੁਟਿਆ। ਜੇਬਕਤਰੇ ਦੇ ਹੱਥ ਪੈਰ, ਪਜਾਮਾ-ਕਮੀਜ਼, ਥਾਂ ਥਾਂ ਤੇ ਖੂਨ ਨਾਲ ਗੜੁਚ ਸਨ, ਅੱਖਾਂ ਅੱਧ-ਖੁਲ੍ਹੀਆਂ ਸਨ, ਚਿਹਰਾ ਪੀਲਾ ਹੋ ਚੁੱਕਾ ਸੀ ਅਤੇ ਉਹ ਜ਼ੋਰ ਜ਼ੋਰ ਦੀ ਸਾਹ ਲੈ ਰਿਹਾ ਸੀ। ਉਸਦੀ ਇਹ ਹਾਲਤ ਵੇਖ ਕੇ ਸਾਰੇ ਬਹੁਤ ਘਬਰਾ ਜਾਂਦੇ ਹਨ।

'ਮਰ ਤਾਂ ਨਹੀਂ ਜਾਏਗਾ, ਥਾਣੇਦਾਰ ਸਾਹਿਬ?' ਦਿੱਲੀ ਵਾਲੇ ਗਵਾਹ ਨੇ ਘਬਰਾ ਕੇ ਪੁਛਿਆ।

'ਤੁਸੀਂ ਚੁਪ ਕਰ ਕੇ ਬੈਠੋ! ਯਾਦਵ ਕੁਝ ਦਸਿਆ ਇਸਨੇ?'

'ਹਾਂ, ਸਾਹਿਬ! ਉਸ ਮੁੰਡੇ ਦਾ ਨਾਮ ਪੱਪੂ ਹੈ, ਪਿਓ ਰੇੜ੍ਹਾ ਚਲਾਉਂਦਾ ਹੈ, ਚੌਕ 'ਚ ਹੀ ਖੜਾ ਹੁੰਦਾ ਹੈ ਰੇੜ੍ਹਾ ਲੈ ਕੇ।'

'ਠੀਕ ਏ! ਕੁਝ ਮਿਲਿਆਂ?'

'ਹਜ਼ੂਰ! ਇਹ ਤਿੰਨ ਸੌ ਰੁਪਏ ਸਨ ਇਸ ਕੋਲ!' ਯਾਦਵ ਨੇ ਸੌ ਸੌ ਦੇ ਤਿੰਨ ਪੁਰਾਣੇ ਨੋਟ ਮੇਜ ਉਪਰ ਰੱਖ ਦਿਤੇ।

'ਠੀਕ ਹੈ, ਮੁਨਸ਼ੀ ਜੀ ਭੇਜੋ, ਰਿਪੋਰਟ ਨੋਟ ਕਰੇ! ਯਾਦਵ ਸਲੂਟ ਮਾਰ ਕੇ ਚਲਿਆ ਗਿਆ। ਸਾਹਿਬ ਫਿਰ ਬੈਂਤ ਨਾਲ ਮੇਜ ਉਪਰ ਠਕ ਠਕ ਕਰਨ ਲਗ ਪਿਆ, ਅਤੇ ਜੇਬਕਤਰਾ ਦਰਦ ਨਾਲ ਉਸਲਵੱਟੇ ਲੈ ਰਿਹਾ ਸੀ ਉਸਦੀ ਇਸ ਹਾਲਤ ਕਾਰਨ, ਬੈਠੇ ਲੋਕ ਪਰੇਸ਼ਾਨ ਸਨ। ਉਨ੍ਹਾਂ ਦਾ ਦਿਲ ਕਰ ਰਿਹਾ ਸੀ ਕਿ ਇਥੋਂ ਕਿਸੇ ਨਾ ਕਿਸੇ ਤਰ੍ਹਾਂ ਨਠ ਜਾਣ। ਦਸ ਮਿੰਟ ਬਾਅਦ ਮੁਨਸ਼ੀ ਜੀ ਆਏ। ਜਿਸਦੀ ਜੇਬ ਕੱਟੀ ਗਈ ਸੀ, ਉਹ ਘਬਰਾ ਕੇ ਖੜਾ ਹੋ ਗਿਆ।

'ਬੈਠੋ, ਬੈਠੋ, ਤੁਸੀਂ ਆਓ, ਤੁਹਾਡੀ ਹੀ ਜੇਬ ਕੱਟੀ ਗਈ ਸੀ?'

'ਜੀ'

ਅਤੇ ਤੁਸੀਂ ਵੀ ਆ ਜਾਓ, ਗਵਾਹੀ ਤੁਸੀਂ ਹੀ ਦੇਣੀ ਹੈ ਨਾ? ਗਵਾਹ ਵੀ ਆ ਕੇ ਖਲੋ ਗਏ। ਪਰ ਕੁਝ ਬੋਲੇ ਨਹੀਂ। ਸਾਹਿਬ ਨੇ ਮੇਜ਼ ਉਪਰ ਪਏ ਨੋਟ ਚੁੱਕੇ ਅਤੇ ਥੋੜ੍ਹੀ ਦੇਰ ਤੱਕ ਦੇਖਦਾ ਰਿਹਾ ਜਿਵੇਂ ਕੁਝ ਸੋਚ ਰਿਹਾ ਹੋਵੇ। ਫਿਰ ਜਿਸ ਦੀ ਜੇਬ ਕੱਟੀ ਗਈ ਸੀ ਉਸਨੂੰ ਕਿਹਾ — 'ਦੇਖ ਲਓ ਤੁਹਾਡੇ ਸਾਹਮਣੇ ਹੀ ਹੈ ਅਸੀਂ ਇਸਦਾ ਭੜਥਾ ਬਣਾ ਦਿੱਤੈ। ਇਸ ਕੋਲੋਂ ਤੁਹਾਡਾ ਰੁਪਿਆ ਨਹੀਂ ਮਿਲਿਆ। ਇਸ ਕੋਲ ਹੁੰਦਾ ਤਾਂ ਇਸਦੇ ਪਿਉ ਨੇ ਵੀ ਬਕ ਦੇਣਾ ਸੀ। ਯਾਦਵ ਦੀ ਮਾਰ ਮਾਰੇ ਤਾਂ ਭੂਤ ਵੀ ਨਸਦੇ ਨੇ। ਤੁਹਾਡੀ ਜੇਬ ਉਸ ਦੂਜੇ ਜੇਬ ਕਤਰੇ ਨੇ ਕੱਟੀ ਹੈ, ਅਸੀਂ ਇਨਕੁਆਰੀ ਕਰਾਂਗੇ ਅਤੇ ਪਤਾ ਲਗਦਿਆਂ ਹੀ ਤੁਹਾਨੂੰ ਖਬਰ ਕਰ ਦਿਆਂਗੇ ਨਾਲ ਹੀ ਮੁਕੱਦਮਾ ਵੀ, ਪਰ ਤੁਹਾਨੂੰ ਹਰ ਪੇਸ਼ੀ ਉਪਰ ਆਗਰਿਓਂ ਆਉਣਾ ਪਏਗਾ।'

'ਜਨਾਬ, ਮੇਰਾ ਬਹੁਤ ਨੁਕਸਾਨ ਹੋ ਜਾਵੇਗਾ, ਬਿਜਨਸ-ਮੈਨ ਹਾਂ ਮੈਂ ਤਾਂ।'

'ਸੋਚ ਲਓ ਅਤੇ ਤੁਸੀਂ ਈ ਦੱਸੋ। ਤੁਹਾਨੂੰ ਵੀ ਹਰ ਗਵਾਹੀ ਉਪਰ ਪਹੁੰਚਣਾ ਪਵੇਗਾ।' ਦੋਨੋਂ ਗਵਾਹ ਆਪਣਾ ਸਮਾਨ ਚੁੱਕ ਕੇ ਨੱਠ ਖੜੇ ਹੋਏ। ਕਮਰੇ 'ਚ ਰਹਿ ਗਿਆ ਫਰਸ਼ ਉਪਰ ਦਰਦ ਨਾਲ ਉੱਸਲਵੱਟੇ ਲੈਂਦਾ ਉਹ ਜੇਬ ਕਤਰਾ ਅਤੇ ਜਿਸਦੀ ਜੇਬ ਕੱਟੀ ਗਈ ਸੀ।

'ਫਿਰ ਰਿਪੋਰਟ ਲਿਖੀ ਜਾਵੇ ਮਿਸਟਰ।' ਸਾਹਿਬ ਨੇ ਪੁੱਛਿਆ। ਕੋਈ ਜਵਾਬ ਨਾ ਮਿਲਣ ਤੇ ਉਸਨੇ ਸਮਝਾਉਣਾ ਸ਼ੁਰੂ ਕੀਤਾ — 'ਦੇਖੋ, ਮੇਰੀ ਤਾਂ ਇਹੀ ਸਲਾਹ ਹੈ ਕਿ ਤੁਸੀਂ ਘਰ ਜਾਓ, ਰੁਪਿਆ ਤਾਂ ਜਿਹੜਾ ਗਿਆ ਉਹ ਗਿਆ। ਇਨਕੁਆਰੀ ਪੂਰੀ ਹੁੰਦਿਆਂ ਹੀ ਇਤਲਾਹ ਕਰ ਦਿਆਂਗੇ। ਇਹਦੇ ਕੋਲ ਤਾਂ ਇਹ ਤਿੰਨ ਸੌ ਰੁਪਏ ਹੀ ਨਿਕਲੇ ਹਨ। ਇਹ ਤੁਹਾਡੇ ਨਹੀਂ ਹਨ। ਫਿਰ ਵੀ ਮੈਂ ਇਹਨਾਂ ਤਿੰਨ ਸੌ 'ਚੋਂ ਸੌ ਰੁਪਏ ਤੁਹਾਨੂੰ ਕਿਰਾਏ ਲਈ ਦੇ ਦਿੰਦਾ ਹਾਂ। ਤੁਹਾਡੇ ਲਈ ਇਹ ਪਰਦੇਸ ਹੈ, ਜੇਬ ਤੁਹਾਡੀ ਖਾਲੀ ਹੈ, ਇਥੇ ਕਿਸ ਕੋਲੋਂ ਮੰਗੋਗੇ। ਲਓ ਸੌ ਰੁਪਿਆ, ਟਿਕਟ ਕਟਾਓ ਮਜ਼ੇ ਨਾਲ ਘਰ ਪੁਜੋ ਅਤੇ ਰੁਪਏ ਪੈਸੇ ਦਾ ਇੰਤਜਾਮ ਕਰਕੇ ਫਿਰ ਆ ਜਾਣਾ ਸਾਮਾਨ ਲੈਣ। ਪਰ ਹੁਣ ਹੁਸ਼ਿਆਰ ਰਹਿਣਾ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਮੈਂ ਰਿਪੋਰਟ ਲਿਖ ਲੈਂਦਾ ਹਾਂ।'

'ਨਹੀਂ ਨਹੀਂ ਰਹਿਣ ਦਿਓ ਐਵੇਂ ਹੀ ਪਰੇਸ਼ਾਨ ਹੋਵਾਂਗਾ।'

'ਤਾਂ ਇਹ ਲਓ ਸੌ ਰੁਪਏ ਅਤੇ ਮੁਨਸ਼ੀ ਜੀ ਬਾਕੀ ਦੇ ਦੋ ਸੌ ਰੁਪਈਆਂ 'ਚੋਂ ਸੌ ਰੁਪਿਆ ਇਸ ਹਰਾਮਜ਼ਾਦੇ ਜੇਬ-ਕਤਰੇ ਨੂੰ ਦੇ ਦਿਓ ਇਲਾਜ-ਅਲੂਜ ਕਰਾਉਣ ਲਈ ਐਵੇਂ

→ (32)

'ਸੁਲਘਦੇ ਅਹਿਸਾਸ' ਅਤੇ 'ਤਿੰਨ ਕੋਣ' (ਸਾਂਝੀ ਰਚਨਾ)
ਤੋਂ ਬਾਅਦ ਇਕਬਾਲ ਗਮੂਵਾਲੀਆ ਦਾ ਤੀਜਾ ਕਾਵਿ-ਸੰਗ੍ਰਹਿ

ਕੁਝ ਵੀ ਨਹੀਂ

ਕਹਾਣੀ:

# ਹਵਾ 'ਚ ਲਟਕੀ ਹਕੀਕਤ

(ਨਕਸ਼ਦੀਪ 'ਪੰਜਕੋਹਾ')

ਲੜਾਈ ਸ਼ੁਰੂ ਹੋਣ ਤੋਂ ਕੁਝ ਮਹੀਨੇ ਪਹਿਲਾਂ ਉਹ ਸਾਰਜੰਟ ਬਣਿਆ ਸੀ। ਇਹ ਅਹੁਦਾ ਉਸ ਦੀ ਕੋਈ ਮੰਜ਼ਲ ਨਹੀਂ ਸੀ, ਬਸ ਕਿਸੇ ਪੜਾ ਵਰਗਾ ਸੀ ਜੋ ਜ਼ਿੰਦਗੀ ਦੇ ਸਫ਼ਰ 'ਚ ਕਿਤੇ ਵੀ ਤੇ ਕਦੇ ਵੀ ਆ ਸਕਦਾ ਹੈ। ਤੇ ਇਸ ਪੜਾ 'ਤੇ ਖੜੋਕੇ ਉਸ ਨੂੰ ਕੋਈ ਵਿਹਲ ਨਹੀਂ ਸੀ ਮਿਲਿਆ—ਜੰਗ ਲਗ ਜਾਣ ਕਾਰਣ ਉਸ ਨੂੰ 'ਫੀਲਡ' 'ਚ ਘੱਲ ਦਿੱਤਾ ਗਿਆ ਸੀ।

ਪਿਛਲੇ ਕਈ ਦਿਨਾਂ ਤੋਂ ਉਨ੍ਹਾਂ ਦੀ ਪਲਟੂਨ ਜੰਗ ਦੇ ਮੈਦਾਨ 'ਚ ਅੱਗੇ ਵਧਦੀ ਜਾ ਰਹੀ ਸੀ। ਇਸ ਦੌਰਾਨ ਉਹ ਸਾਰੇ ਜਿਨ੍ਹਾਂ ਰਾਹਾਂ ਚੀਂ ਗੁਜ਼ਰੇ ਸਨ ਉਹ ਬੜੇ ਓਪਰੇ ਤੇ ਡਰਾਵਣੇ ਸਨ। ਆਪਣੇ ਪੈਰਾਂ ਨਾਲ ਟਕਰਾਈਆਂ ਲੋਥਾਂ ਸ਼ੁਰੂ 'ਚ ਰਸ਼ੀਦ ਦਾ ਸਾਹ ਰੋਕ ਦੇਂਦੀਆਂ ਰਹੀਆਂ ਸਨ ਪਰ ਹੌਲੀ ਹੌਲੀ ਉਹ ਇਸ ਸਭ ਕੁਝ ਦਾ ਆਦੀ ਹੋ ਗਿਆ ਸੀ।

ਪਿਛਲੀ ਚੌਕੀ 'ਚ ਉਸਦੇ ਅਫਸਰ ਨੇ ਉਸਦੀ ਬਹਾਦਰੀ ਦੀ ਸ਼ਲਾਘਾ ਕਰਦਿਆਂ ਆਖਿਆ ਸੀ, "ਰਸ਼ੀਦ, ਇਸ ਵਾਰ ਤੂੰ ਕਮਾਲ ਕਰ ਦਿੱਤਾ...ਪਿੱਛੇ ਜੋ ਆਪਾਂ ਨੂੰ ਧੱਕਾ ਲਗਿਆ ਸੀ ਉਸ ਦੀ ਸਾਰੀ ਕਸਰ ਨਿਕਲ ਗਈ...ਤੇ ਹੁਣ ਰੁਕਣਾ ਨਹੀਂ...ਹਾਂ ਹਾਰ ਜਿੱਤ ਦਾ ਫੈਸਲਾ ਹੋਏ ਬਿਨਾਂ...।",

ਰਸ਼ੀਦ ਚੁੱਪ ਰਿਹਾ ਸੀ! ਉਸ ਨੂੰ ਆਪਣੀ ਬਹਾਦਰੀ ਤੋਂ ਹੀ ਭੈ ਆਉਣ ਲਗ ਪਿਆ ਸੀ, 'ਭਲਾ ਮਨੁੱਖ ਨੂੰ ਮਾਰ ਕੇ, ਮਨੁੱਖ ਕੀ ਮਾਣ ਕਰ ਸਕਦਾ ਹੈ?' ਉਸ ਦੀ ਖਾਮੋਸ਼ੀ ਡਰ ਤੇ ਫ਼ਿਕਰ 'ਚ ਘਿਰੀ ਇਸ ਪ੍ਰਸ਼ਨ ਬਾਰੇ ਚਿੰਤਾਤੁਰ ਸੀ।

ਇਸ ਚੌਕੀ ਤੋਂ ਅਗਲਾ ਪੜਾ ਇਕ ਨਿੱਕਾ ਜਿਹਾ ਸ਼ਹਿਰ ਸੀ।

ਬੰਬਾਂ ਦੀ ਹਿੰਮਤ ਹੇਠਾਂ ਮਨੁੱਖਤਾ ਦੀ ਮਜਬੂਰੀ ਦਮ ਤੋੜਦੀ ਰਹੀ, ਵੱਡੀਆਂ ਇਮਾਰਤਾਂ ਕੱਚ ਵਾਂਗ ਤਿੜਕਦੀਆਂ ਰਹੀਆਂ—ਧੂਏਂ ਤੇ ਅੱਗ 'ਚ ਤਬਾਹੀ ਲਿਸ਼ਕਦੀ ਰਹੀ। ਉਹ ਇਕ ਦਲੇਰੀ ਨਾਲ ਅੱਗੇ ਵਧਦਾ ਗਿਆ ਤੇ ਆਪਣੇ ਅੰਦਰਲੀ ਕਿਸੇ ਇਕ ਹੋਰ ਸੋਚ ਨਾਲ ਜੂਝਦਾ ਵੀ ਰਿਹਾ।

ਸ਼ਹਿਰ ਜਿੱਤ ਲਿਆ ਗਿਆ। ਸ਼ਹਿਰ ਤੋਂ ਪਾਰ ਇਕ ਨਿੱਕੇ ਜਿਹੇ ਮਕਾਨ 'ਚ ਡੇਰਾ ਲਾਕੇ ਉਹ ਆਪਣੇ ਪਿਛਲੇ ਉਨ੍ਹਾਂ ਸਾਥੀਆਂ ਦੀ ਉਡੀਕ ਕਰਨ ਲਗਾ ਜਿਨ੍ਹਾਂ ਨੂੰ ਲੈ ਕੇ, ਅੱਗੇ ਹੋਰ ਹਮਲਾ ਕਰਨਾ ਸੀ। ਮਕਾਨ ਦੇ ਉੱਤੇ ਬੰਦੂਕਾਂ ਤੇ ਸਟੇਨਗੰਨਾਂ ਦਾ ਪਹਿਰਾ ਲਗਾ ਦਿੱਤਾ ਗਿਆ।

ਉਹ ਉਸੇ ਮਕਾਨ ਦੇ ਇਕ ਨਿੱਕੇ ਕਮਰੇ 'ਚ ਬੈਠਾ, ਪਿਛਲੇ ਹੁਕਮ ਦਾ ਇੰਤਜ਼ਾਰ ਕਰ ਰਿਹਾ ਸੀ। ਉਹ ਬੈਠਾ ਬੈਠਾ ਆਪਣੇ ਅਤੀਤ 'ਚ ਗਵਾਚ ਗਿਆ ਤੇ ਫੇਰ ਅਚਾਨਕ ਉਹ ਉਠ ਕੇ ਬਾਹਰ ਨਿਕਲਿਆ। ਉਸ ਦਾ ਚਿੱਤ ਕਰ ਰਿਹਾ ਸੀ ਕਿ ਅਜਨਬੀ ਸੜਕਾਂ 'ਤੇ ਘੁੰਮੇ ਤੇ ਆਪਣੇ ਦੇਸ਼ ਦੀ 'ਏਅਰ ਫੋਰਸ' ਵਲੋਂ ਮਚਾਈ ਤਬਾਹੀ ਨੂੰ ਵੇਖੇ। ਕੁਝ ਚਿਰ ਲਈ ਉਹ ਉਥੇ ਖੜਾ ਰਿਹਾ ਤੇ ਫੇਰ ਅਚਾਨਕ ਸ਼ਹਿਰ ਤੋਂ ਬਾਹਰ ਨੂੰ ਜਾ ਰਹੀ ਚੌੜੀ ਸੜਕ 'ਤੇ ਟੁਰ ਪਿਆ।

ਰਾਤ ਕਾਫੀ ਹੋ ਚੁੱਕੀ ਤੇ ਦੂਰ ਕਿਧਰੇ ਗੋਲੀਆਂ ਚਲਣ ਦੀ ਅਵਾਜ਼ ਕਿਤੇ ਕਿਤੇ ਸੁਣਾਈ ਦੇ ਰਹੀ ਸੀ। ਉਸੇ ਵਕਤ ਉਸ ਉੱਤੋਂ ਜਹਾਜ਼ਾਂ ਦਾ ਜੋੜਾ ਗੂੰਜ ਪਾਉਂਦਾ ਲੰਘ ਗਿਆ। 'ਸ਼ਾਇਦ ਹਮਲਾ ਕਰਨ ਤੋਂ ਪਹਿਲਾਂ ਹਵਾਈ ਹਮਲਾ ਕਰ ਰਹੇ ਨੇ,' ਉਸਨੇ ਆਪਣੇ ਆਪ ਨੂੰ ਹੀ ਆਖਿਆ, 'ਹਾਂ...ਅਗਲਾ ਪੜਾ ਸਰ ਕਰਨ ਲਈ ਬੰਬਾਂ ਨਾਲ ਤਬਾਹੀ ਮਚਾਉਣੀ ਜ਼ਰੂਰੀ ਹੋ ਗਈ ਲਗਦੀ ਏ...ਹੂੰ', ਤੇ ਫੇਰ ਉਸ ਨੇ ਇਕ ਲੰਮਾ ਸਾਰਾ ਸਾਹ ਲਿਆ। ਉਹ ਹੌਲੀ ਹੌਲੀ ਅਗੇ ਟੁਰਦਾ ਗਿਆ—ਸੜਕ 'ਤੇ ਕੁਝ ਨਜ਼ਰ ਨਹੀਂ ਸੀ ਆ ਰਿਹਾ ਕੁਝ ਦੂਰ ਜਾਕੇ ਉਹ ਅਚਾਨਕ ਹੀ ਰੁਕ ਗਿਆ, ਉਸ ਨੂੰ ਖਿਆਲ ਆਇਆ ਕਿ ਅਜਿਹੇ ਮੌਕੇ ਬਿਗਾਨੀ ਧਰਤੀ 'ਤੇ ਚਲਣਾ ਖਤਰੇ ਤੋਂ ਖਾਲੀ ਨਹੀਂ ਅਤੇ ਇਹ ਤਾਂ ਫੌਜ ਦੇ ਅਸੂਲਾਂ ਤੋਂ ਵੀ ਉਲਟ ਸੀ। ਆਪਣੇ ਅਹੁਦੇ ਦੀਆਂ ਜ਼ਿੰਮੇਵਾਰੀਆਂ 'ਚ ਘਿਰਿਆ ਉਹ ਕੁਝ ਚਿਰ ਉਥੇ ਹੀ ਖੜਾ ਰਿਹਾ। ਫੇਰ ਉਸ ਨੂੰ ਇੰਝ ਲੱਗਾ ਜਿਵੇਂ ਕਿਸੇ ਨੇ ਵੱਡਾ ਸਾਰਾ ਹਾਉਕਾ ਲਿਆ ਹੋਵੇ। ਉਸ ਨੇ ਆਲੇ ਦੁਆਲੇ ਤੱਕਿਆ, ਹਨੇਰੇ ਤੋਂ ਬਿਨਾਂ ਉਸ ਨੂੰ ਹੋਰ ਕੁਝ ਵੀ ਨਜ਼ਰ ਨਾ ਆਇਆ।

ਕੁਝ ਦੇਰ ਬਾਦ ਉਹ, ਹੱਥ 'ਚ ਪਿਸਤੌਲ ਫੜ ਕੇ, ਸੜਕ ਤੋਂ ਕੁਝ ਪਾਸੇ ਹਟਕੇ ਉੱਗੇ ਵੱਡੇ ਵੱਡੇ ਬੂਝਾਂ ਵਲ ਵਧਿਆ। ਬੂਝਾਂ ਦੇ ਕਰੀਬ ਜਾਣ 'ਤੇ ਉਹ ਰੁਕ ਗਿਆ। ਉਹ ਡਰ ਤੇ ਬਹਾਦਰੀ ਦੇ ਰਲੇ ਮਿਲੇ ਭਾਵਾਂ

'ਚ ਜਕੜਿਆ ਉਸੇ ਥਾਂ ਬੈਠ ਗਿਆ। ਫੇਰ ਕੁਝ ਦੇਰ ਬਾਦ ਉਸ ਨੇ ਇਕ ਹੋਰ ਹਉਕਾ ਸੁਣਿਆ। ਉਸ ਨੂੰ ਇੰਝ ਜਾਪਿਆ ਜਿਵੇਂ ਬੂਝਾਂ 'ਚ ਬੈਠਾ ਕੋਈ ਰੋ ਰਿਹਾ ਹੋਵੇ। ਉਸ ਨੇ ਜੇਬ ਚੋਂ ਨਿੱਕੀ 'ਟਾਰਚ' ਕੱਢੀ ਤੇ ਬੂਝਾਂ ਵਲ ਚਲਾ ਗਿਆ। ਟਾਰਚ ਦੇ ਚਾਨਣ 'ਚ ਉਸਨੇ ਇਕ ਬੂਝੇ ਦੇ ਨਾਲ ਸਹਿਮੀ ਪਈ ਨੌਜਵਾਨ ਲੜਕੀ ਨੂੰ ਤੱਕਿਆ। ਲੜਕੀ ਦੇ ਚਿਹਰੇ 'ਤੇ ਜਵਾਨੀ ਦੀ ਝਲਕ ਤਾਂ ਸੀ ਪਰ ਉਦਾਸੀ ਤੇ ਫਿਕਰ ਦੇ ਭਾਰ ਹੇਠਾਂ ਚਿਹਰੇ ਦੀ ਆਬ ਢਲ ਚੁੱਕੀ ਸੀ। ਉਸ ਨੇ ਆਪਣੇ 'ਦੁਸ਼ਮਣ' ਮੁਲਕ ਦੀ ਬੋਲੀ ਵਿੱਚ ਲੜਕੀ ਨੂੰ ਪੁਛਿਆ, "ਕੀ ਗੱਲ ਇਥੇ ਕਿਉਂ ਲੁਕੀ ਪਈ ਏਂ ?"

ਅੱਗੋਂ ਜਵਾਬ ਨਾ ਪਾਕੇ ਉਹ ਉਸਦੇ ਕੋਲ ਜਾ ਕੇ ਬੈਠ ਗਿਆ ਤੇ ਬੜੀ ਹੀ ਅਪਣੱਤ ਨਾਲ ਬੋਲਿਆ, "ਕੀ ਨਾਂ ਏਂ ?"

"ਨਸਰੀਨ"

"ਨਸਰੀਨ, ਇਥੇ ਕਿਉਂ ਬੈਠੀ ਏਂ ?... ਸ਼ਹਿਰ ਤੋਂ ਦੂਰ ਕਿਉਂ ਚਲੇ ਆਈ ?"

"ਸ਼ਹਿਰ ਕਿਥੇ ਰਿਹਾ ਏ ?"

ਲੜਕੀ ਦਾ ਉਤਰ ਸੁਣਕੇ ਉਹ ਸਹਿਮ ਗਿਆ ਤੇ ਉਸਨੂੰ ਜਾਪਿਆ ਜਿਵੇਂ ਉਹ ਇਕ ਬਹੁਤ ਭਾਰੀ ਗੁਨਾਹਗਾਰ ਹੋਵੇ। ਉਸ ਨੇ ਲੜਕੀ ਵਲ ਹੱਥ ਵਧਾਇਆ ਤੇ ਬੋਲਿਆ, "ਚਲ ਉਠ ਤਾਂ...ਉੱਠ, ਇਥੇ ਰਾਤ ਕੱਟਣਾ ਠੀਕ ਨਹੀਂ।"

"ਨਹੀਂ ...ਪਿਸਤੌਲ ਤਾਂ ਤੁਹਾਡੇ ਕੋਲ ਹੈ ਈ.. ਇਕ ਗੋਲੀ ਮਾਰ ਦਿਓ।"

"ਕਿਉਂ ?"

"ਮੇਰੇ ਮਾਂ ਬਾਪ...ਤੇ ਨਿੱਕਾ ਭਰਾ ...ਸਭ ਖਤਮ ਹੋ ਗਏ...ਮੇਰਾ ਇਕ ਹੱਥ ਵੀ ਨਕਾਰਾ ਹੋ ਗਿਆ ਏ.. ਤੇ ਕੱਲ੍ਹ ਦਾ ਕੀ ਭਰੋਸਾ...ਕੀ ਕਰਾਂਗੀ ਜੀਕੇ...ਜੇ ਤੁਸੀਂ ਮਾਰ ਦਿਓ.. ਮੈਂ ਅਹਿਸਾਨ ਮੰਨਾਂਗੀ.. ਹਾਂ"

"ਨਹੀਂ ...ਨਸਰੀਨ ਮਰਨਾ ਕੋਈ ਹੱਲ ਨਹੀਂ ਤੇਰੀ ਬਿਪਤਾ ਦਾ।"

"ਮੈਂ ਵੀ ਪਹਿਲਾਂ ਇਸੇ ਤਰ੍ਹਾਂ ਸੋਚਿਆ ਸੀ...ਪਰ ਭਜ ਨਸ ਕੇ ਜਦੋਂ ਇਥੇ ਤੀਕ ਪਹੁੰਚੀ ਉਦੋਂ ਤੋਂ ਜ਼ਿੰਦਗੀ ਪ੍ਰਤੀ ਮੋਹ ਹੀ ਨਹੀਂ ਰਿਹਾ.. ਕਿੰਨਾ ਚੰਗਾ ਹੁੰਦਾ ਮੈਂ ਵੀ ਉਨ੍ਹਾਂ ਸਭਨਾਂ ਦੇ ਨਾਲ ਹੀ ਮਰ ਜਾਂਦੀ...।"

"ਜੋ ਬੀਤ ਗਿਆ ਉਸ ਬਾਰੇ ਨਾ ਸੋਚ...ਚਲ ਤੈਨੂੰ ਵਾਪਿਸ ਸ਼ਹਿਰ ਪਹੁੰਚਾਵਾਂ।"

"ਸ਼ਹਿਰ...ਘਰ ਤਾਂ ਰਹੇ ਹੀ ਨਹੀਂ ...ਤੁਹਾਨੂੰ ਪਤਾ ਹੀ ਏ ਫੇਰ ਕਿਉਂ ਇੰਝ ਆਖ ਰਹੇ ਓ"

"ਇਥੇ ਵੀ ਤਾਂ ਤੈਨੂੰ ਇਸ ਹਾਲਤ 'ਚ ਛਡਿਆ ਨਹੀਂ ਜਾ ਸਕਦਾ।"

"ਪਰ ਤੁਹਾਨੂੰ ਮੇਰੇ ਨਾਲ ਏਨੀ ਹਮਦਰਦੀ ਵੀ ਕਿਉਂ ਏ ? ਬੜਾ ਅਜੀਬ ਲੱਗ ਰਿਹਾ ਏ.. ਕੁਝ ਚਿਰ ਪਹਿਲਾਂ... ਮੈਂ ਰੋ ਰਹੀ ਸਾਂ ਕੋਈ ਹਮਦਰਦੀ ਵੀ ਨਹੀਂ ਬਚਿਆ... ਹਾਂ ਸਭ ਕੁਝ ਤਬਾਹ ਹੋ ਗਿਆ...ਪਰ ਤੁਹਾਡਾ ਵਤੀਰਾ..." ਬੋਲਦੀ ਬੋਲਦੀ ਦਾ ਉਸ ਦਾ ਗੱਚ ਭਰ ਆਇਆ ਤੇ ਉਹ ਚੁੱਪ ਕਰ ਗਈ।

"ਮੈਂ ਮਜਬੂਰ ਹਾਂ...ਮਜਬੂਰ ਵੀ ਕਾਹਦਾ ਇਕ ਤਰ੍ਹਾਂ ਨਾਲ ਗੁਨਾਹਗਾਰ ਹਾਂ। ਤੇਰੇ ਸ਼ਹਿਰ ਦੀ ਤਬਾਹੀ ਵੇਖ ਕੇ ਆਪਣੇ ਗੁਨਾਹ ਦਾ ਅਹਿਸਾਸ ਹੋਣ ਲੱਗਾ ਏ...ਤੇ ਇਹ ਵੀ ਅਹਿਸਾਸ ਹੋਣ ਲੱਗਾ ਏ ਕਿ ਮੈਂ ਬਿਨ ਜ਼ਮੀਰ ਜੀ ਰਿਹਾ ਹਾਂ.. ਖੈਰ ਛੱਡ ਇਨ੍ਹਾਂ ਗੱਲਾਂ ਨੂੰ...ਚਲ ਉੱਠ ਤਾਂ"

"ਉਠਿਆ ਨਹੀਂ ਜਾਣਾ...ਤਾਕਤ ਹੀ ਨਹੀਂ ਰਹੀ... ਮੈਂ ਦਮ ਲੈਣਾ ਚਹੁੰਦੀ ਹਾਂ"

"ਜੇ ਮੈਂ ਤੇਰੇ ਕਿਸੇ ਕੰਮ ਆ ਸਕਦਾ ਹੋਇਆ ਤਦ ਮੈਂ ਮਹਿਸੂਸ ਕਰਾਂਗਾ ਕਿ ਮੈਂ ਵਿਕੀ ਸੋਚ ਦੇ ਨਾਲ ਨਾਲ ਆਪਣੀ ਸੋਚ ਨੂੰ ਕੋਈ ਜੀਵਨ...ਮਤਲਬ . ਇਕ ਜ਼ਮੀਰ ਨਾਲ ਜੀ ਸਕਣ ਦਾ ਕੁਝ ਸਮਾਂ ਮਿਲ ਜਾਏਗਾ ਮੈਨੂੰ"

"ਤੁਸੀਂ...ਤੁਸੀਂ ਲੜ ਹੀ ਕਿਉਂ ਰਹੇ ਹੋ ਜੇ ਏਨਾ ਮਹਿਸੂਸ ਕਰ ਰਹੇ ਓ ?"

"ਅਸੀਂ ਲੜ ਨਹੀਂ ਰਹੇ...ਸਾਨੂੰ ਲੜਨਾ ਪੈ ਰਿਹਾ ਏ...ਇਕ ਤਰ੍ਹਾਂ ਨਾਲ ਇਕ ਚੱਕਰ 'ਚ ਫਸ ਗਏ ਹਾਂ... ਅੱਗੇ ਵਧਦੇ ਹਾਂ ਤਦ ਵੀ ਖੂਨ ਤੇ ਜੇ ਪਿਛੇ ਹਟਦੇ ਹਾਂ ਤਦ ਵੀ...ਇਹ ਉਹ ਖੇਡ ਏ ਜਿਸ 'ਚ ਸਾਡੀ ਕੋਈ ਦਿਲਚਸਪੀ ਨਹੀਂ...ਸਗੋਂ ਸਾਨੂੰ ਘਸੀਟ ਲਿਆ ਗਿਆ ਏ ਇਸ 'ਚ... ਹੁਣ ਤੀਕ ਜਿਨ੍ਹਾਂ ਨੂੰ ਮੈਂ ਆਪਣੀਆਂ ਅੱਖਾਂ ਨਾਲ ਮਰਦਿਆਂ ਤਕਿਆ ਏ ਉਹ ਸਾਰੇ ਹੁਣ ਵੀ ਦਿਸ ਰਹੇ ਨੇ ਮੈਨੂੰ...ਹਾਂ ਉਵੇਂ ਹੀ.. ਤੜਫਦੇ ਕੁਰਲਾਉਂਦੇ..।"

"ਤੁਸੀਂ ਦੌੜ ਕਿਉਂ ਨਹੀਂ ਜਾਂਦੇ ?"

"ਕਿਥੇ ?"

"ਜਿਥੇ ਇਹ ਸਭ ਕੁਝ ਨਹੀਂ"

"ਪਰ ਇਹ ਤਾਂ ਹਰ ਥਾਂ ਹੈ"

"ਨਹੀਂ...ਚਲੋ ਮੇਰੇ ਨਾਲ...ਮੈਂ ਇਸ ਸਭ ਕੁਝ ਤੋਂ ਦੂਰ ਲੈ ਜਾਵਾਂਗੀ ਤੁਹਾਨੂੰ"

ਉਹ ਹਲਕਾ ਜਿਹਾ ਮੁਸਕ੍ਰਾਇਆ ਤੇ ਬੋਲਿਆ, "ਤੈਨੂੰ ਵੀ ਸ਼ਾਇਦ ਮੇਰੇ ਨਾਲ ਹਮਦਰਦੀ ਹੋ ਗਈ ਏ"

" ..ਮੈਨੂੰ. ਮੈਨੂੰ ਇੰਝ ਲਗ ਰਿਹਾ ਏ ਜਿਵੇਂ ਤੁਸੀਂ... ਜਿਵੇਂ.. ਜਿਵੇਂ...ਕੀ ਆਖਾਂ ?.. ਕਈ ਵਾਰ ਕਾਫੀ ਕੁਝ ਦਸਿਆ ਵੀ ਨਹੀਂ ਜਾ ਸਕਦਾ...ਪਰ ਤੁਸੀਂ ਮੇਰੇ ਨਾਲ ਚੱਲੋ.. ਅੱਗ...ਪਛਮ ਵਲ.. ਕਾਫੀ ਦੂਰ...ਤੁਸੀਂ ਮੇਰੇ ਨਾਲ ਹੋਵੋਗੇ ਤਾਂ ਮੇਰੇ 'ਚ ਸਾਹਸ ਰਹੇਗਾ ਤੇ ਆਪਾਂ...ਤੇ ਆਪਾਂ...ਚਲੋ ਨਾ..."

ਕੈਨੇਡਾ ਦੇ ਪ੍ਰਸਿੱਧ ਨਾਵਲਕਾਰ ਕੇਸਰ ਸਿੰਘ ਦੇ ਪੜ੍ਹਨ ਜੋਗ ਨਾਵਲ:

ਜੰਞ ਲਾੜਿਆਂ ਦੀ — ਸਿੰਘ ਸਾਹਿਬ ਦੀ ਸ਼ਹਾਦਤ — ਸ਼ਹੀਦ ਊਧਮ ਸਿੰਘ — ਜੰਗੀ ਕੈਦੀ

ਸ਼ਹੀਦ ਮੇਵਾ ਸਿੰਘ ਲੋਪੋਕੇ — ਬਾਬਾ ਹਰੀ ਸਿੰਘ ਉਸਮਾਨ — ਸ਼ਹੀਦ ਮਦਨ ਲਾਲ ਢੀਂਗਰਾ — ਲਹਿਰ ਵਧਦੀ ਗਈ

ਮਿਲਣ ਦਾ ਪਤਾ: KESAR SINGH, 13487-98A AVE, SURREY, B.C., V3T 1C7.

ਉਸ ਦੀ ਗੱਲ ਕੱਟ ਕੇ ਉਹ ਬੋਲਿਆ, "ਤੇਰੇ ਵਤਨ 'ਚ...ਮੈਂ ਤੇਰੇ ਲੋਕਾਂ ਦਾ ਦੁਸ਼ਮਣ ਹੋਵਾਂਗਾ.. ਤੇ ਮੈਨੂੰ ਕਿਸੇ ਨੇ ਨਹੀਂ ਬਖਸ਼ਣਾ...ਬਿਨ ਮੌਤ ਮਾਰਨਗੇ ਮੈਨੂੰ...ਵੇਖ ਤਾਂ ਸਹੀ ਦੋਨਾਂ ਦੇਸ਼ਾਂ ਵਿਚਕਾਰ ਕਿੰਨੀ ਨਫ਼ਰਤ ਉਭਰ ਆਈ ਏ...ਤੂੰ ਜੋ ਚਹੁੰਦੀ ਏਂ ਓਹੋ ਕੁਝ ਕਰਨ ਨੂੰ ਮੇਰਾ ਵੀ ਚਿੱਤ ਕਰ ਰਿਹਾ ਏ...ਪਰ ਇਹ ਹੋਣਾ ਨਹੀਂ...ਮੁਸ਼ਕਿਲ ਏ"

"ਅੱਛਾ ਇੰਝ ਕਰ, ਮੈਨੂੰ ਆਪਣੇ ਵਤਨ ਲੈ ਚਲ"

"ਇਹ ਵੀ ਮੁਸ਼ਕਿਲ ਏ...ਵਾਪਿਸ ਆਪਣੇ ਵਤਨ ਵਲ ਨਸਿਆ ਗੱਦਾਰ ਅਖਵਾਵਾਂਗਾ...ਨਸਰੀਨ ਮੇਰੇ ਲਈ ਹੁਣ ਜੀਵਨ ਵੀ ਇਕ ਗੁਨਾਹ ਤੇ ਮੌਤ ਵੀ"

ਉਸ ਨੇ ਰਸ਼ੀਦ ਦਾ ਹੱਥ ਫੜਿਆ ਤੇ ਉਸ ਨੂੰ ਸੀਨੇ ਨਾਲ ਲਾ ਕੇ ਬੋਲੀ, "ਨਹੀਂ.. ਤੁਸੀਂ ਚਲੋ...ਇਸ ਰਾਤ ਦੇ ਹਨੇਰੇ 'ਚ ਨਿਕਲ ਚਲਦੇ ਹਾਂ...ਬੜੀਆਂ ਥਾਵਾਂ ਨੇ ਜਿਥੇ ਲੁਕ ਕੇ ਜੀਵਿਆ ਜਾ ਸਕਦਾ ਏ..."

"ਅਜਿਹੀ ਥਾਂ ਬਾਰੇ ਵੀ ਤੈਨੂੰ ਭੁਲੇਖਾ ਏ...ਨਾਲੇ ਲੁਕ ਕੇ ਕਿੰਨੀ ਕੁ ਦੇਰ ਜੀਵਿਆ ਜਾ ਸਕਦਾ ਏ...ਮੌਤ ਵਰਗਾ ਜੀਵਨ..."

"ਅੱਛਾ ਫੇਰ ਇਕ ਹੋਰ ਰਾਹ...ਤੁਸੀਂ ਆਪਣਾ ਦੇਸ਼ ਛੱਡੋ ਤੇ ਮੈਂ ਆਪਣਾ...ਪਛਮ ਵਲ ਚਲਦੇ ਹਾਂ...ਕੋਈ ਸ਼ਿਪ ਫੜ ਲਵਾਂਗੇ...ਮੈਂ ਸੁਣਿਆਂ ਕਿ ਕੁਝ ਪੈਸੇ ਖਰਚ ਕੇ ਲੰਘਿਆ ਜਾ ਸਕਦਾ ਏ.. ਬੜੇ ਲੋਕੀਂ ਗਏ ਸੀ ਸਾਡੇ ਸ਼ਹਿਰੋਂ...ਹਾਂ ਆਪਾਂ ਇਸ ਜੰਗ ਤੋਂ...ਤੇ ਇਨ੍ਹਾਂ ਬੰਬਾਂ ਗੋਲੀਆਂ ਤੋਂ ਦੂਰ ਚਲੇ ਜਾਵਾਂਗੇ...ਜਿਥੇ ਮੁਸਕ੍ਰਾਹਟ ਏ ਅਜੇ ਜ਼ਿੰਦਗੀ 'ਚ"

"ਹਾਂ ਇਹ ਠੀਕ ਹੈ.. ਪਰ ਹਾਲ ਦੀ ਘੜੀ ਤਾਂ ਇਹ ਵੀ ਨਾਮੁਮਕਿਨ ਏ...ਇੰਝ ਕਰਦੇ ਹਾਂ...ਤੂੰ ਵਾਪਿਸ ਸ਼ਹਿਰ ਚਲ...ਕੁਝ ਦਿਨ ਮੇਰਾ ਇੰਤਜ਼ਾਰ ਕਰ...ਮੈਂ ਵਾਪਿਸ ਪਰਤਾਂਗਾ ਤੇ...।"

ਉਸੇ ਵਕਤ ਇਕ ਗੋਲੀ ਉਸ ਦੀ ਢੂਹੀ 'ਚੋਂ ਲੰਘ ਗਈ ਤੇ ਉਹ ਨਸਰੀਨ ਦੇ ਮੋਢੇ 'ਤੇ ਢੇਰੀ ਹੋ ਗਿਆ। ਉਸ ਦਾ ਭਾਰ ਸਹਾਰਦੀ ਹੋਈ ਨਸਰੀਨ ਨੇ ਸੜਕ ਵਲ ਨਜ਼ਰ ਮਾਰੀ। ਚਾਰ ਪੰਜ ਟਾਰਚਾਂ ਦਾ ਇਕਠਾ ਚਾਨਣ ਉਸ ਚਿਹਰੇ 'ਤੇ ਆ ਵਜਿਆ। ਉਸ ਚਾਨਣ 'ਚ ਪਿਸਤੌਲ ਵਾਲਾ ਇਕ ਹੱਥ ਉਸ ਵਲ ਤਣਿਆ ਖੜਾ ਸੀ। ਆਪਣੀ ਗੋਦ 'ਚ ਢੇਰੀ ਹੋਏ ਰਸ਼ੀਦ 'ਤੇ ਉਸ ਨੂੰ ਅੰਤਾਂ ਦਾ ਮੋਹ ਜਾਗ ਪਿਆ। ਉਸ ਨੇ ਉਸ ਦਾ ਮੱਥਾ ਚੁੰਮਿਆ ਤੇ ਫੇਰ ਨਫਰਤ 'ਚ ਤਣੇ ਹੋਏ ਪਿਸਤੌਲ ਵਲ ਮੂੰਹ ਕਰਕੇ ਬੋਲੀ, "ਤੂੰ ਕੁੱਤਾ ਏਂ... ਕੁੱਤਾ.. ਹੈਵਾਨ.. ਤੈਨੂੰ ਨਫਰਤ ਏ ਜ਼ਿੰਦਗੀ ਤੋਂ...ਜੀਣ ਵਾਲਿਆਂ ਤੋਂ.. ਹੁਣ ਤੀਕ ਲੜਦਾ ਰਿਹਾ ਇਹ.. ਬਹਾਦਰੀ ਨਾਲ ਵਧਦਾ ਰਿਹਾ...ਭਲਾ ਕੀ ਦੇ ਦਿੱਤਾ ਤੂੰ ਇਸ ਨੂੰ ?... ਤੇ ਹੁਣ ਜਦੋਂ ਕੁਝ ਪਲ ਲਈ ਇਹ ਜੀਵਨ ਬਾਰੇ ਸੋਚਣ ਲੱਗਾ ਸੀ ਤਾਂ ਤੂੰ ਜਰ ਨਹੀਂ ਸਕਿਆ.. ਕਮੀਨਾ ਏਂ ਤੂੰ...ਕੁੱਤਾ !'

ਫੇਰ ਤਿੰਨ ਗੋਲੀਆਂ ਰਸ਼ੀਦ ਤੇ ਨਸਰੀਨ ਦੇ ਆ ਵੱਜੀਆਂ ਤੇ ਉਹ ਇਕ ਦੂਜੇ ਦੀ ਗੋਦ 'ਚ ਇਕ ਪਾਸੇ ਨੂੰ ਲੁੜਕ ਗਏ । ਫੇਰ ਕੋਈ ਉਚੀ ਤੇ ਸਖਤ ਅਵਾਜ਼ 'ਚ ਬੋਲਿਆ, "ਚਲੋ ਵਾਪਿਸ...ਠੀਕ ਘੰਟੇ ਬਾਦ ਅੱਗੇ ਵਧਣਾ ਏ. ਲੋੜੀਂਦੇ ਥਾਵਾਂ ਤੇ ਬੰਬਾਰੀ ਹੋ ਚੁੱਕੀ ਏ.. ਆਪਾਂ ਅਗੇ ਵਧਣਾ ਏ.. ਤੂੰ 'ਅਗਵਾਈ ਕਰੇਂਗਾ ਨਦਰ ਹੁਸੈਨ...ਤੇ ਹਾਂ, ਇਸ ਘਟਨਾ ਵਲ ਧਿਆਨ ਨਾ ਦਿਓ...ਇਹ ਉਹ ਕੁਝ ਏ ਜੋ ਵਾਪਰਿਆ ਹੀ ਨਹੀਂ.. ਜੋ ਵਾਪਰਨਾ ਏ ਉਹ ਤੁਹਾਡੇ ਸਾਮ੍ਹਣੇ ਆਉਣ ਵਾਲਾ ਏ...ਚਲੋ...ਜਲਦੀ...ਸ਼ਾਬਾਸ਼ !"

ਤੇ ਫੇਰ ਸੜਕ 'ਤੇ ਭਾਰੀ ਬੂਟਾਂ ਦੀ ਅਵਾਜ਼ ਦੂਰ ਕਿਤੇ ਚਲ ਰਹੀਆਂ ਗੋਲੀਆਂ ਵਾਂਗ ਟਿਕੀ ਰਾਤ ਦੀ ਸ਼ਾਂਤੀ ਭੰਗ ਕਰ ਰਹੀ ਸੀ।

●

---

(ਕਹਾਣੀ 'ਫੈਸਲਾ' ਦੀ ਬਾਕੀ ...)

ਮਰ ਮਰਾ ਜਾਵੇਗਾ, ਤਾਂ ਇਹਨਾਂ ਬਾਬੂ ਜੀ ਨੂੰ ਵੀ ਆਗੜਿਓਂ ਦੌੜਣਾ ਪਵੇਗਾ ਅਤੇ ਬਾਕੀ ਦਾ ਸੌ ਰੁਪਿਆ ਜਿਹੜੇ ਇਸ ਸਮੇਂ ਥਾਣੇ 'ਚ ਲੋਕੀ ਡਿਊਟੀ ਤੇ ਹਨ ਉਨ੍ਹਾਂ ਨੂੰ ਵੰਡ ਦਿਓ ।' ਸਾਹਿਬ ਦਾ ਫੈਸਲਾ ਸਭ ਨੂੰ ਮੰਜ਼ੂਰ ਸੀ । ਜੇਬਕਤਰਾ ਆਪਣੇ ਦਰਦ ਨੂੰ ਭੁੱਲ ਬੈਠਾ ਸੀ, ਉਹ ਵਿਅਕਤੀ ਜਿਸਦੀ ਜੇਬ ਕੱਟੀ ਗਈ ਸੀ, ਸੌ ਰੁਪਏ ਲੈ ਕੇ ਸਲਾਮ ਕਰਕੇ ਖੁਸ਼ੀ ਖੁਸ਼ੀ ਚਲਿਆ ਗਿਆ । ਉਸਦੇ ਜਾਂਦਿਆਂ ਹੀ ਯਾਦਵ ਸੀਟੀ ਵਜਾਉਂਦਾ ਹੋਇਆ ਕਮਰੇ 'ਚ ਆਇਆ । ਸਾਹਿਬ ਦੇ ਚਿਹਰੇ ਉਪਰ ਮੁਸਕਾਨ ਸੀ ।

'ਜਨਾਬ ! ਇਹ ਮੁੰਡਾ ਤਾਂ ਕਮਾਲ ਦਾ ਹੈ । ਪੂਰੇ ਤਿੰਨ ਹਜ਼ਾਰ ਸਨ ਇਸ ਕੋਲ ।'

'ਕਿਉਂ ਓਏ ! ਅੱਜ ਕੱਲ ਬੜੀ ਚਾਂਦੀ ਏ ਤੇਰੀ ਤਾਂ । ਅਤੇ ਸਾਡੇ ਨਾਲ ਸੁਲਹ ਵੀ ਨਹੀਂ ਮਾਰਦਾ । ਯਾਦਵ ਇਸਦੇ ਬਾਸ ਨੂੰ ਬੁਲਾਓ ਅਤੇ ਸਾਰੇ ਅੱਡਿਆਂ ਦਾ ਮਹੀਨਾ ਇਕ ਹਜ਼ਾਰ ਰੁਪਿਆ ਵਧਾ ਦਿਓ ।' ਸਾਹਬ ਆਕੜ ਗਿਆ ।

'ਸਰਕਾਰ ਕੁਝ ਹੋਰ ਮਿਲ ਜਾਵੇ । ਕੁੱਟ ਤਾਂ ਅੱਜ ਜ਼ਿਆਦਾ ਹੀ ਪੈ ਗਈ ਹੈ ।' ਜੇਬ ਕਤਰੇ ਨੇ ਹੱਥ ਜੋੜ ਕੇ ਮਿੰਨਤ ਜਿਹੀ ਕੀਤੀ ।

'ਸਾਲਿਆ ! ਕਿਉਂ ਝੂਠ ਬੋਲਦੈਂ,' ਯਾਦਵ ਨੇ ਕਿਹਾ – 'ਸਾਲਿਆ ਇਹ ਜਨਾਬ ਦੀ ਬੈਲਟ ਹੈ ਜੇਕਰ ਇਕ ਵੀ ਪੈ ਜਾਂਦੀ ਤਾਂ ਖੱਲ ਖਿੱਚੀ ਜਾਣੀ ਸੀ ਮੈਂ ਤਾਂ ਬੈਲਟ ਕਦੀ ਜ਼ਮੀਨ ਉਪਰ ਤੇ ਕਦੀ ਕੰਧ ਉਪਰ ਮਾਰ ਰਿਹਾ ਸੀ ।'

'ਸਾਹਿਬ ਕੁਝ ਰੁਪਏ ਰੌਲਾ ਪਾਉਣ ਦੇ ਤਾਂ ਮਿਲਣੇ ਚਾਹੀਦੇ ਨੇ ।'

ਸਾਹਿਬ ਜ਼ੋਰ ਦੀ ਹੱਸ ਪਿਆ ਉਹਦੇ ਹੱਸਦਿਆਂ ਹੀ ਬਾਕੀ ਲੋਕ ਵੀ ਜ਼ੋਰ ਜ਼ੋਰ ਨਾਲ ਹੱਸਣ ਲੱਗ ਪਏ ।

●

## ਪੰਜਾਬ ਦੇ ਫਿਰਕੂ ਜਨੂੰਨ ਦੀ ਭੇਟ ਹੋਏ
### ਡਾ: ਵਿਸ਼ਵਾ ਨਾਥ ਤਿਵਾੜੀ ਦੀਆਂ ਦੋ ਕਵਿਤਾਵਾਂ



### ਫਿਟ ਨਹੀਂ ਹੋਵਾਂਗਾ

"ਜ਼ਰਾ ਖਿਚੋ"
"ਥੋੜਾ ਕੱਸੋ"

...............

ਚਾਬੀ
ਰੈਂਚ
ਪਲਾਸ
ਜਾਂ ਫੇਰ ਹਥੌੜੇ ਦਾ ਇਸਤੇਮਾਲ
ਸ਼ਕੰਜੇ 'ਚ ਫਿਟ ਨਹੀਂ ਹੋਵਾਂਗਾ
ਰੱਤ ਰੋਵਾਂਗਾ

ਇਨਸਾਨ ਹਾਂ ਮੈਂ
ਲੋਹੇ ਦਾ ਲੋਹਾ ਕਦੇ ਨਹੀਂ ਮੰਨਿਆਂ ।

ਗੁਫਾ ਚੋਂ
ਸੱਚ ਨੂੰ ਬਾਹਰ ਲਿਆਓ
ਮੇਰੇ ਦੋਸਤ
ਸ਼ਬਦਾਂ ਦੀ ਵਰਤੋਂ ਕਰੋ
ਲੋਹੇ ਦੀ ਨਹੀਂ ।

### ਗਰਾਜ ਤੋਂ ਫੁਟ-ਪਾਥ ਤੀਕ

ਜਿਥੇ ਮੈਂ ਰਾਤ ਠਹਿਰਿਆ
ਗਰਾਜ ਨਹੀਂ ਸੀ
ਕਾਰ ਨੂੰ ਕਾਦਰ ਦੀ ਕੁਦਰਤ ਵਿਚ
ਨੀਲੇ ਅੰਬਰ ਥੱਲੇ ਹੀ ਰੁਕਣਾ ਪਿਆ
ਕਾਰ ਚੁੱਪ-ਚਾਪ ਖੜੀ ਰਹੀ ।
ਮੈਂ ਅੰਦਰ ਤਲਮਲਾਂਦਾ ਰਿਹਾ
ਕਿ ਉਸ ਤੇ ਕੋਹਰਾ ਪੈ ਰਿਹੈ
ਰੰਗ ਖਰਾਬ ਹੋ ਜਾਵੇਗਾ
ਬੜਾ ਜ਼ੁਲਮ ਹੋਇਆ ਹੈ
ਜੇ ਪਤਾ ਹੁੰਦਾ ਤਾਂ ਏਥੇਂ ਨਾ ਠਹਿਰਦਾ
ਸਵੇਰੇ ਉਠ ਕੇ ਕਾਰ ਨੂੰ ਪਿਆਰ ਕੀਤਾ
ਮਲਮਲ ਦੇ ਕਪੜੇ ਨਾਲ ਉਸ ਨੂੰ ਸਾਫ਼ ਕੀਤਾ
ਵੇਖਿਆ ਕਿਸੇ ਨੇ ਝਰੀਟ ਤਾਂ ਨਹੀਂ ਪਾ ਦਿੱਤੀ
ਕਿਸੇ ਵੱਟਾ ਤਾਂ ਨਹੀਂ ਮਾਰਿਆ
ਡਿੱਕੀ ਤਾਂ ਠੀਕ ਬੰਦ ਹੈ
ਸੁਖ ਦਾ ਸਾਹ ਆਇਆ
ਸਭ ਠੀਕ ਹੈ ।

ਬੜਾ ਬਿਜ਼ੀ ਦਿਨ ਹੈ
ਹਰੀਜਨਾਂ ਦੀ ਬਸਤੀ ਵਿਚ ਭਾਸ਼ਨ ਦੇਣਾ ਹੈ
ਮਜ਼ਦੂਰਾਂ ਤੋਂ ਫੁੱਲ ਲੈਣੇ ਨੇ
ਗਰੀਬੀ ਨਾਲ ਹਮਦਰਦੀ ਜਤਾਉਣੀ ਹੈ
ਜਦੋ-ਜਹਿਦ ਲਈ ਤਿਆਰ ਕਰਨਾ ਹੈ
ਦੇਸ਼ ਨੂੰ ਅਗਾਂਹ ਲੈ ਕੇ ਜਾਣਾ ਹੈ ।

ਹੁਣ ਮੈਂ ਉਥੋਂ ਨਿਕਲ ਰਿਹਾ ਹਾਂ
ਜਿਥੇ ਲੋਕ ਫੁੱਟ-ਪਾਥਾਂ ਤੇ ਸੁੱਤੇ ਪਏ ਨੇ
ਤਰਪਾਲ ਦਾ ਬਾੜਾ ਹੈ
ਅਸਮਾਨ ਦੀ ਛੱਤ
ਘਰ ਦਾ ਛੋਟਾ ਮੋਟਾ ਸਾਮਾਨ
ਉਹ ਵੀ ਬੇਤਰਤੀਬਾ ।

ਵਾਹ ਮੇਰੇ ਦੇਸ਼ !
ਆਫ਼ਰੀਨ ਹਾਂ ਆਪਣੇ ਆਪ ਉਤੇ
ਮਸ਼ੀਨ ਨੂੰ ਗਰਾਜ ਨਹੀਂ ਮਿਲਿਆ ਇਕ ਰਾਤ
ਤਾਂ ਕੀ ਬੀਤੀ ਸੀ
ਇਹ ਵਰ੍ਹਿਆਂ ਤੋਂ ਕੋਹਰੇ ਦਾ ਨਿੱਘ ਮਾਣ ਰਹੇ ਨੇ ।
ਇਨ੍ਹਾਂ ਨੂੰ ਆਪਣੀ ਚਿੰਤਾ ਆਪ ਹੋਣੀ ਚਾਹੀਦੀ ਹੈ
ਇਹ ਮਨੁੱਖ ਹਨ !
ਮਸ਼ੀਨ ਵਿਚਾਰੀ ਦਾ ਤਾਂ ਮੈਨੂੰ ਹੀ ਖ਼ਿਆਲ ਰੱਖਣਾ ਪੈਂਦਾ ਹੈ

# S&S Insurance SERVICES



ਹਰਦੇਵ ਗਿੱਲ 590-2058

**6679 MAIN STREET - 2nd FLOOR (at 51st. Ave)**

**VANCOUVER, B.C.**

TEL: 324-2311



ਦਲਜੀਤ ਸਿੱਧੂ **324-2311**

***GET YOUR*** **autoplan** ***AND HOME INSURANCE***

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ਼ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

**•UNDER INSURED MOTORIST PROTECTION**
**•INCOME REPLACEMENT**
**•LOSS OF USE**
**•FREE AUTOPLAN MOTORIST KIT**

***Income Tax Services also available***



ਪ੍ਰਿੰਸ ਰੂਪਰਟ, ਬੀ.ਸੀ. ਵਿੱਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

# ਜਟਾਣਾ ਐਂਟਰਪ੍ਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**

**1238 ALEXANDRA PLACE,**

PRINCE RUPERT

# ਦਰਪਣ

ਖ਼ਤ

ਫਿਰਕੂ ਜਨੂੰਨ ਤੋਂ ਫਿਕਰਮੰਦ ਹੋ ਕੇ ਜਿਹੜਾ ਤੁਸੀਂ ਵਿਚਾਰ-ਚਰਚਾ ਲਈ ਸੱਦਾ ਦਿੱਤਾ ਹੈ, ਇਹ ਬਹੁਤ ਹੀ ਮਹੱਤਵਪੂਰਣ ਹੈ। ਇਥੇ ਇਹ ਆਮ ਚਰਚਾ ਹੈ ਕਿ ਫਿਰਕੂ ਜਨੂੰਨ ਹੁਣ ਇਕ ਵਿਸ਼ਵ ਲਹਿਰ ਹੈ ਅਤੇ ਪੰਜਾਬ ਵਿੱਚ ਵੀ ਇਹ ਲਹਿਰ ਫੈਲਾਉਣ ਵਿੱਚ ਬਦੇਸ਼ੀਆਂ ਦੀ ਵੱਡੀ ਸਹਾਇਤਾ ਹੈ। ਤੁਸੀਂ ਜੋ ਪਰਦੇਸਾਂ ਵਿੱਚ ਬੈਠੇ ਹੋ ਇਹਦੇ ਬਾਰੇ ਵੱਧ ਜਾਣਕਾਰੀ ਦੇ ਸਕਦੇ ਹੋ। ਮੈਂ ਜਦੋਂ ਕੈਨੇਡਾ ਸੀ ਤਾਂ ਉਥੋਂ ਨਿੱਕਲਦੀਆਂ ਪੰਜਾਬੀ ਅਖਬਾਰਾਂ ਬਾਰੇ ਰਾਏ ਬਣਾਈ ਸੀ ਕਿ ਉਹਨਾਂ ਵਿੱਚ ਬਹੁਤੀਆਂ ਖਬਰਾਂ ਅਸਲੀਅਤ ਨਾਲੋਂ ਕਲਪਨਾ ਦੀਆਂ ਉਡਾਰੀਆਂ ਹਨ। ਖਾਲਿਸਤਾਨ ਦਾ ਪੰਜਾਬ ਵਿੱਚ ਕੋਈ ਆਧਾਰ ਨਹੀਂ ਪਰ ਕੈਨੇਡਾ ਦੀਆਂ ਅਖਬਾਰਾਂ ਵਿੱਚ ਇਸ ਤਰ੍ਹਾਂ ਲਗਦਾ ਸੀ ਕਿ ਪੰਜਾਬੀ ਵੱਡੀ ਪੱਧਰ ਤੇ ਖਾਲਿਸਤਾਨ ਦੀ ਮੰਗ ਦੇ ਹਾਮੀ ਹਨ। ਹੁਣ ਵੀ ਫਿਰਕੂ ਜਨੂੰਨੀ ਇੱਕਾ ਦੁੱਕਾ ਕਤਲ ਕਰਨ ਵਿੱਚ ਕਾਮਯਾਬ ਹੋ ਰਹੇ ਹਨ, ਪਰ ਪੰਜਾਬ ਦੇ ਸਮੁੱਚੇ ਭਾਈਚਾਰੇ ਵਿੱਚ ਉਹਨਾਂ ਦੀ ਕੋਈ ਥਾਂ ਨਹੀਂ। ਹਿੰਦੂ ਅਤੇ ਸਿੱਖ ਹੁਣ ਵਿਸ਼ਾਲ ਪੱਧਰ ਤੇ ਸੱਦ ਭਾਵਨਾ ਸਮਾਗਮਾਂ, ਅਮਨ-ਮਾਰਚਾਂ ਅਤੇ ਫਿਰਕੂ ਜਨੂੰਨ ਵਿਰੁੱਧ ਰੈਲੀਆਂ ਵਿੱਚ ਸ਼ਾਮਿਲ ਹੋ ਰਹੇ ਹਨ। ਪੰਜਾਬ ਵਿੱਚ ਵਸਦੇ ਹਿੰਦੂ ਭਰਾ ਜਿੰਨ੍ਹਾਂ ਨੇ ਕਦੀ ਵੀ ਖੱਬੀ ਧਿਰ ਨੂੰ ਸੰਜੀਦਗੀ ਨਾਲ ਨਹੀਂ ਸੀ ਲਿਆ, ਹੁਣ ਪੂਰੀ ਤਰ੍ਹਾਂ ਅਹਿਸਾਸ ਕਰ ਰਹੇ ਹਨ ਕਿ ਇਹ ਖੱਬੀ ਸੋਚ ਵਾਲੇ ਲੋਕ ਹੀ ਹਨ, ਜੋ ਅਸਲ ਸ਼ਬਦਾਂ ਵਿੱਚ ਫਿਰਕੂ ਜਨੂੰਨ ਵਿਰੁੱਧ ਸੰਘਰਸ਼ ਲਈ ਲਾਮਬੰਦੀ ਕਰ ਰਹੇ ਹਨ। ਉਹਨਾਂ ਵਿੱਚ ਬਹੁਤੇ ਤੋਂ ਬਹੁਤੇ ਲੋਕ ਪੰਜਾਬੀ ਬੋਲੀ ਵੱਲ ਵੀ ਆਪਣਾ ਨਜ਼ਰੀਆ ਬਦਲ ਰਹੇ ਹਨ ਕਿ ਪੰਜਾਬੀ ਬੋਲੀ ਵੱਲ ਉਹਨਾਂ ਦਾ ਆਪਣਾ ਫਰਜ਼ ਨਾ ਪਛਾਨਣਾ ਵੀ ਇੱਕ ਹੱਦ ਤੱਕ ਫਿਰਕੂ ਜਨੂੰਨ ਨੂੰ ਜਨਮ ਦੇਣ ਵਾਲਾ ਸੀ। ਕੈਨੇਡਾ ਦੀਆਂ ਹੋਰ ਅਖ਼ਬਾਰਾਂ ਸ਼ਾਇਦ ਇਹਨਾਂ ਗੱਲਾਂ ਦਾ ਨੋਟਿਸ ਨਾਂ ਲੈਣ, ਪਰ ਤੁਸੀਂ ਇਹ ਗੱਲਾਂ ਆਪਣੇ ਪਾਠਕਾਂ ਅੱਗੇ ਜ਼ਰੂਰ ਲਿਆਉਣੀਆਂ। ਤੁਹਾਡੇ ਵੱਲੋਂ ਸੱਦੇ ਗਏ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਲਈ ਮੈਂ ਸਮਤਾ ਦੇ ਪਾਠਕਾਂ ਨੂੰ ਵੀ ਸੱਦਾ ਦਿੱਤਾ ਹੈ ਅਤੇ ਉਠਾਏ ਗਏ ਸਵਾਲਾਂ ਨੂੰ ਸੰਪਾਦਕੀ (ਸਮਤਾ / ਅਪਰੈਲ 84) ਵਿੱਚ ਸ਼ਾਮਲ ਕੀਤਾ ਹੈ। 'ਵਤਨੋਂ ਦੂਰ' ਦੇ ਸਾਰੇ ਸਾਥੀਆਂ ਨੂੰ ਯਾਦ!

— ਗੁਰਸ਼ਰਨ ਸਿੰਘ (ਸੰਪਾਦਕ ਸਮਤਾ) / 29 ਮਾਰਚ 84
(ਅੰਮ੍ਰਿਤਸਰ, ਪੰਜਾਬ, INDIA).

'ਵਤਨੋਂ ਦੂਰ' ਦਾ ਸਾਲਾਨਾ ਅੰਕ ਵੀ ਮਿਲਿਆ ਸੀ ਤੇ ਉਸਤੋਂ ਮਗਰਲਾ ਇੱਕ ਅੰਕ ਵੀ ਮਿਲਿਆ ਹੈ...

ਮੋਟੇ ਤੌਰ 'ਤੇ ਤੁਹਾਡੀ ਪਹੁੰਚ (ਸੰਪਾਦਕੀ / ਵਤਨੋਂ ਦੂਰ / ਸਤੰਬਰ-ਦਸੰਬਰ 83) ਨਾਲ ਮੇਰੀ ਸਹਿਮਤੀ ਹੈ। ਤੁਸੀਂ ਛੋਟੇ ਛੋਟੇ ਵਖਰੇਵਿਆਂ ਤੋਂ ਉਤਾਂਹ ਉੱਠਕੇ ਪ੍ਰਗਤੀਵਾਦੀ ਸਾਹਿੱਤ ਚਿੰਤਨ ਤੇ ਖੱਬੇ ਪੱਖੀ ਲਹਿਰ ਨੂੰ ਵਿਕਸਿਤ ਹੋਇਆ ਵੇਖਣਾ ਚਾਹੁੰਦੇ ਹੋ - ਇਹ ਚੰਗੀ ਗੱਲ ਹੈ - ਸਗੋਂ ਅੱਜ ਦੀਆਂ ਹਾਲਤਾਂ ਵਿੱਚ ਇਹੋ ਪਹੁੰਚ ਹੀ ਦਰੁਸਤ ਹੈ - ਅੱਜ ਲੋੜ ਹੈ ਸਭਨਾਂ ਖੱਬੇ-ਪੱਖੀਆਂ ਦੇ ਇੱਕ ਮੁੱਠ ਹੋਣ ਦੀ -

ਪਰ ਮੈਨੂੰ ਤੁਹਾਡੀ ਪਹੁੰਚ ਵਿੱਚ ਕੁਝ ਭਾਵੁਕਤਾ ਦਾ ਅੰਸ਼ ਵੀ ਨਜ਼ਰ ਆਉਂਦਾ ਹੈ, ਜੋ ਕਈ ਵਾਰ ਉਪਭਾਵੁਕਤਾ ਵਿੱਚ ਵੀ ਵਟ ਜਾਂਦਾ ਹੈ - ਸ਼ਾਇਦ ਇਹ ਭਾਰਤ ਦੀ ਧਰਤੀ ਨਾਲੋਂ ਵਿੱਥ ਉੱਤੇ ਹੋਣ ਕਾਰਣ ਹੀ ਹੈ - ਏਸੇ ਲਈ ਤੁਸੀਂ ਸਮਕਾਲੀ ਸਾਹਿਤਕ ਸਥਿਤੀ, ਤੇ ਰਾਜਨੀਤਕ ਸਥਿਤੀ ਨੂੰ ਵੀ, ਲੋੜੀਂਦੇ ਸੰਤੁਲਨ ਵਿੱਚ ਵੇਖ ਪਰਖ ਨਹੀਂ ਸਕਦੇ - ਸੰਤ ਰਾਮ ਉਦਾਸੀ ਵੱਲ ਬੇਲੋੜੀ ਉਦਾਰਤਾ ਜਾਂ ਕਿਸੇ ਇੱਕਾ ਦੁੱਕਾ ਸਾਹਿੱਤਕਾਰ ਬਾਰੇ ਲੋੜੋਂ ਵੱਧ ਚਰਚਾ ਏਸ ਦਾ ਪ੍ਰਮਾਣ ਹੈ - ਖ਼ੈਰ ਇਹ ਗੱਲਾਂ ਤਾਂ ਵਿਸਥਾਰ ਦੀਆਂ ਹਨ - ਤੁਹਾਡਾ ਉਦਮ ਨਿਰਸੰਦੇਹ ਸਲਾਹੁਣ ਯੋਗ ਹੈ -

— ਡਾ: ਰਘਬੀਰ ਸਿੰਘ (ਸੰਪਾਦਕ ਸਿਰਜਣਾ) / 9 ਫਰਵਰੀ 84
(ਚੰਡੀਗੜ੍ਹ, ਪੰਜਾਬ, INDIA).

'ਵਤਨੋਂ ਦੂਰ' ਅੱਗੇ ਨਾਲੋਂ ਦਿੱਖ ਪੱਖੋਂ ਅਤੇ ਮੈਟਰ ਪੱਖੋਂ ਹੋਰ ਅੱਗੇ ਵਧਿਆ ਹੈ। ਕੈਨੇਡਾ 'ਚ ਵਸ ਰਹੇ ਭਾਰਤੀਆਂ ਦੀਆਂ ਸਮੱਸਿਆਵਾਂ ਅਤੇ ਹਾਲਾਤਾਂ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ ਅਤੇ ਏਧਰ ਅਸੀਂ ਉਥੋਂ ਦੇ ਭਾਰਤੀਆਂ ਦੇ ਸਮਾਜਿਕ ਅਤੇ ਆਰਥਿਕ ਜੀਵਨ ਬਾਰੇ ਕਾਫ਼ੀ ਕੁਝ ਜਾਣ ਸਕਦੇ ਹਾਂ। ਵਿਦੇਸ਼ੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਵਿੱਚ ਵਤਨੋਂ ਦੂਰ ਆਪਣੀ ਵਿਤ ਮੁਤਾਬਕ ਹਿੱਸਾ ਪਾ ਰਿਹਾ ਹੈ ਅਤੇ ਲੋਕਾਂ ਨੂੰ ਜਾਗਰਤੀ ਪ੍ਰਦਾਨ ਕਰਕੇ ਏਕਤਾ ਵਿੱਚ ਪਰੋਣ ਲਈ ਯਤਨਸ਼ੀਲ ਹੈ।

— ਸੁਰਿੰਦਰ ਕੈਲੇ (ਸੰਪਾਦਕ ਅਣੂ) / 17 ਫਰਵਰੀ 84
(ਲਲਤੋਂ ਕਲਾਂ, ਲੁਧਿਆਣਾ, INDIA)

'ਵਤਨੋਂ ਦੂਰ' ਲਈ ਇਕ ਸਾਲ ਦਾ ਚੰਦਾ ਆਪਣੇ ਛੋਟੇ ਭਰਾ ਲਈ ਜੋ ਕਿ ਡੈਨਮਾਰਕ ਰਹਿੰਦਾ ਹੈ, ਭੇਜ ਰਿਹਾ ਹਾਂ... ਪਰਚਾ ਬਹੁਤ ਸੁਹਣਾ ਹੈ। ਤੁਸੀਂ ਸਾਰੇ ਕਾਫ਼ੀ ਮਿਹਨਤ ਕਰਦੇ ਹੋ ਇਸਦਾ ਪੱਧਰ ਏਨਾ ਚੰਗਾ ਰੱਖਣ ਲਈ।

— ਅਮਰਜੀਤ ਸਿੰਘ
(WINNIPEG, MANITOBA, CANADA).

36

'ਵਤਨੋਂ ਦੂਰ' ਬਾਰੇ ਲਿਖਣ ਚਾਹੁੰਦਾ ਸੀ, ਅੱਜ ਲਿਖ ਰਿਹਾ ਹਾਂ – ਵਲਵਲਾ ਇਹ ਹੈ ਕਿ ਵਤਨੋਂ ਦੂਰ ਜੋ ਕਿ ਕੈਨੇਡਾ ਵਿੱਚੋਂ ਤੁਸੀਂ ਕੱਢ ਰਹੇ ਹੋ, ਬਹੁਤ ਹੀ ਕਠਨ ਤੇ ਸ਼ਲਾਘਾਯੋਗ ਕੰਮ ਕਰ ਰਹੇ ਹੋ ਅਤੇ ਪੇਪਰ ਦੀ ਇਨਕਲਾਬੀ ਵਿਚਾਰਧਾਰਾ ਨਾਲ ਲੈਸ –। ਅਸੀਂ ਭਾਰਤੀ ਤੁਹਾਡੇ ਬਹੁਤ ਅਭਾਰੀ ਹਾਂ ਕਿਉਂਕਿ ਤੁਸੀਂ ਲੁੱਟੇ ਪੁੱਟੇ ਜਾਂਦੇ ਲੋਕਾਂ ਲਈ ਪ੍ਰਤੀਬੱਧ ਓ ਅਤੇ ਲਗਨ ਅਤੇ ਸਿਰੜ ਨਾਲ ਇਨਕਲਾਬ ਲਈ ਜੀ ਤੋੜ ਮਿਹਨਤ ਕਰ ਰਹੇ ਹੋ – ਮੈਨੂੰ ਅਤੇ ਹੋਰਾਂ ਨੂੰ ਤੁਹਾਡੇ ਸਭਨਾਂ ਉੱਪਰ ( ਅਜਮੇਰ ਰੋਡੇ, ਇਕਬਾਲ ਰਾਮੂਵਾਲੀਆ, ਸਾਧੂ, ਸੁਖਿੰਦਰ, ਅਮਰਜੀਤ ਚਾਹਲ, ਇੰਦਰਜੀਤ ਰੋਡੇ, ਸੁਖਵੰਤ ਹੁੰਦਲ, ਰਘੁਬੀਰ ਮੰਡ, ਦੇਵ ਜਟਾਣਾ, ਅਵਤਾਰ ਰੋਡੇ; ਤੇਜ ਸੰਧੂ, ਸਤਵੰਤ ਦੀਪਕ, ਕਸ਼ਮੀਰਾ ਸਿੰਘ ਚਮਨ, ਅਵਤਾਰ ਗਿੱਲ, ਪਾਲ ਬਿਲਿੰਗ, ਗੁਰਚਰਨ ਟੱਲੇਵਾਲੀਆ, ਕਰਨੈਲ ਰੰਧਾਵਾ, ਜਗਦੇਵ ਜਟਾਣਾ ) ਬਹੁਤ ਹੀ ਮਾਣ ਹੈ– ਜਿੱਥੇ ਤੁਸੀਂ ਆਪਣੀ ਹੱਡ ਭੰਨਵੀਂ ਘਾਲ ਕਮਾਈ ਕਰ ਰਹੇ ਓ, ਉੱਥੇ ਇਨਕਲਾਬੀ ਸਿਆਸਤ ਨੂੰ ( ਅਤੇ ਪੰਜਾਬੀ ਨੂੰ ਵੀ ) – ਵਿਦੇਸ਼ਾਂ ਵਿੱਚ ਵੀ ਪ੍ਰਚੰਡ ਕਰ ਰਹੇ ਓ। ਸਾਡੇ ਅਰਗੇ ਭਾਰਤੀਆਂ ਕੋਲ ਤੁਹਾਨੂੰ ਦੇਣ ਲਈ ਕੁਝ ਨਹੀਂ – ਅਸੀਂ ਤਾਂ ਸਿਰਫ਼ ਸ਼ੁਭ ਇਛਾਵਾਂ, ਨੇਕ ਕਾਮਨਾਵਾਂ ਹੀ ਦੇ ਸਕਦੇ ਹਾਂ – ਮੈਨੂੰ ਆਸ ਹੈ ਕਬੂਲ ਕਰੋਗੇ !

– ਸੁਰਜੀਤ ਬਰਾੜ / 6 ਜਨਵਰੀ 84
( ਘੋਲੀਆ ਕਲਾਂ, ਫਰੀਦਕੋਟ, INDIA).

ਬਹੁਤ ਦੇਰ ਹੋਈ ਹੈ ਵਤਨੋਂ ਦੂਰ ਦੀ ਕੋਈ ਕਾਪੀ ਨਹੀਂ ਮਿਲੀ। ਪਰਚਾ ਤਾਂ ਜ਼ਰੂਰ ਨਿੱਕਲਦਾ ਹੋਏਗਾ। ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਪੜ੍ਹਨ ਦੀ ਇਕ ਭੁਖ ਜਿਹੀ ਹੈ – ਜੋ ਵਤਨੋਂ ਦੂਰ ਪੜ੍ਹ ਕੇ ਹੀ ਗੱਲ ਬਣਦੀ ਹੈ। ਆਸ ਰਖਦਾ ਹਾਂ ਕਿ ਪਰਚਾ ਮੈਨੂੰ ਜ਼ਰੂਰ ਭੇਜੋਗੇ ਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਪੜ੍ਹਨ ਤੇ ਜਾਣ ਸਕਣ ਦੀ ਮੇਰੀ ਭੁੱਖ ਨਹੀਂ ਰਹਿਣ ਦਿਓਗੇ।

ਹੋਰ ਦੋ ਕਵਿਤਾਵਾਂ ਘੱਲ ਰਿਹਾ ਹਾਂ। ਵਿਚਾਰ ਲੈਣੀਆਂ। ਜੇਕਰ ਚੰਗੀਆਂ ਲੱਗੀਆਂ ਤਾਂ ਛਾਪ ਲੈਣੀਆਂ।

– ਜਗਤਾਰ ਢਾਅ / 18 ਦਸੰਬਰ 83
( SOUTHALL, MIDDX, ENGLAND ).

ਕਾਫ਼ੀ ਦੇਰ ਮਗਰੋਂ ਵਤਨੋਂ ਦੂਰ ਫੇਰ ਬਹੁੜਿਆ – ਬਹੁਤ ਸ਼ੁਕਰੀਆ ਤੁਹਾਡਾ – ਟੁੱਟ ਜਿਹਾ ਗਿਆ ਸੀ ਸਿਲਸਲਾ ਵਿੱਚੋਂ ਜਿਉਂ। ਮਹਿਸੂਸ ਹੁੰਦਾ ਰਿਹਾ, ਸੰਕਟ !! ਖੈਰ ਵਿੱਸਰੇ ਤਾਂ ਨੀਂ। ਅਹਿਸਾਸ ਏ। ਗੁਜ਼ਰ ਰਹੇ ਸਮੇਂ 'ਚ ਹਾਲਾਤ ਨੂੰ ਤਬਦੀਲ ਕਰਨ 'ਚ ਭਾਗ ਲੈਣਾ, ਨਾ ਕਿ ਸਮੇਂ ਦੀਆਂ ਕੰਡੀਸ਼ਨਾਂ ( ਸਥਿਤੀਆਂ ) 'ਚ ਦਬਕ ਕੇ ਸਤੀਹ ਹੋ ਜਾਣਾ। ਸੁਲਾਹ ਕਰੀ ਜਾਣਾ ਤੇ ਕਰੀ ਹੀ ਜਾਣਾ ਕਾਇਰਤਾ ਤੇ ਜ਼ਮੀਰਾਂ ਦੇ ਖਰਾਜ ਦੇਣ ਵਾਂਗੂੰ ਹੁੰਦੈ।

ਪ੍ਰਤੀਤ ਹੁੰਦੈ, ਤੁਸੀਂ ਗੱਲ ਦੇ ਹੇਠਾਂ ਨਹੀਂ ਆ ਰਹੇ ਸਗੋਂ ਅਬੂਰ ਕਰ ਰਹੇ ਓ ਸਿਰੜ ਨਾਲ। ... ਨਾਲ ਸਫ਼ਰ ਦੇ ਤੁਰਨ ਵਾਂਗੂੰ, ਸਫ਼ਰ ਗਈ ਤਾਂ ਸਮੱਸ੍ਰੇ ਪਿਰਕ ਗਏ। ਚਿੱਥ ਪੈ ਜਾਂਦੇ ਐ... ਹੀਲੂੰ ਜੇਈਆਂ ਹੋ ਜਾਣ ਵਾਂਗੂੰ – ਹਾਂ, ਆਹ ਲਉ ਮਿੱਤ੍ਰਾਂ ਦੀ ਰੂਹ ਦੀ ਡਲੀ ... ਹੈ ਭੀ ਸੱਚ, ਹੋਸੀ ਭੀ ਸੱਚ, ਆਲੋਚਨਾ ਕਰਿਉ ਤੇ ਸੁਝਾਉ ਵੀ ਦਿਉ, ਦੋ ਕਵਿਤਾਵਾਂ ਵੀ ਹਾਜ਼ਰ ਨੇ ਜੇਕਰ ਦਿਲਚਸਪ ਲੱਗਣ। ਉਕਰ ਨਾਲ –

– ਹਰਜੀਤ ਦੌਧਰੀਆ / 14 ਮਾਰਚ 84
( READING, ENGLAND ).

ਤੁਹਾਡੇ ਹੱਥਾਂ ਨੇ ਪਰਚੇ ਨੂੰ ਹੋਰ ਸੰਵਾਰਿਆ ਹੈ। ਫ਼ਿਰਕੂ–ਜਨੂੰਨ ਵਿਰੁੱਧ 'ਪਾਠਕ-ਲੇਖਕ ਵਿਚਾਰ-ਚਰਚਾ' ਚਲਾਉਣ ਲਈ ਤੇ ਇਸੇ ਵਿਸ਼ੇ 'ਤੇ ਸੰਪਾਦਕੀ ਲਿਖਕੇ ਇੱਕ ਸ਼ਲਾਘਾ ਯੋਗ ਕੰਮ ਕੀਤਾ ਹੈ। ਪੰਜਾਬ ਵਿੱਚ ਜੋ ਕੁਝ ਹੋ ਰਿਹਾ ਹੈ ਉਸਤੋਂ ਮੈਂ ਬੜਾ ਦੁੱਖੀ ਹਾਂ। ਅਸੀਂ ਲੋਕ ਭਾਵੇਂ ਰਹਿ ਤਾਂ ਕੈਨੇਡਾ ਵਿੱਚ ਰਹੇ ਹਾਂ ਪਰ ਜੀ ਪੰਜਾਬ ਵਿੱਚ ਰਹੇ ਹਾਂ। ਸੁਮੀਤ ਸਿੰਘ ਦੀ ਮੌਤ ਨੇ ਲਿਖਣ ਵਾਲਿਆਂ ਦੇ ਤਨ ਬਦਨ ਨੂੰ ਹਲਾ ਕੇ ਰਖ ਦਿੱਤਾ। ਪ੍ਰੀਤ ਲੜੀ ਦੇ ਸੁਨਹਿਰੇ ਇਤਿਹਾਸ ਤੇ ਫ਼ਿਰਕੂਆਂ ਬੜਾ ਕੋਝਾ ਚਿਕੜ ਸੁਟਿਆ ਹੈ। ਵਕਤ ਇਸ ਬੇਹੂਦਗੀ ਨੂੰ ਨਹੀਂ ਭੁਲੇਗਾ। ਇਸ ਪੱਤਰ ਦੇ ਨਾਲ ਇਕ ਕਵਿਤਾ ਤੇ ਇਕ ਲੇਖ ਭੇਜ ਰਿਹਾ ਹਾਂ ਛਾਪਣ ਦੀ ਕ੍ਰਿਪਾਲਤਾ ਕਰਨਾ। 'ਵਤਨੋਂ ਦੂਰ' ਦਾ ਦਸਵੇਂ ਸਾਲ ਵਿੱਚ ਛਪਿਆ ਵਿਸ਼ੇਸ਼ ਅੰਕ ਦੀ ਇੱਕ ਕਾਪੀ ਜ਼ਰੂਰ ਚਾਹੀਦੀ ਹੈ। ਇਸ ਅੰਕ ਦੀਆਂ ਤਾਰੀਫ਼ਾਂ ਬਹੁਤ ਸੁਣੀਆਂ ਪਰ ਦਰਸ਼ਨ ਨਹੀਂ ਹੋਏ। ਸਟੀਫ਼ਨ ਗਿੱਲ ਵੀ ਬਾਰ ਬਾਰ ਇਸ ਅੰਕ ਦੇ ਬਾਰੇ ਮੇਰੇ ਕੋਲੋਂ ਪੁੱਛ ਰਿਹਾ ਹੈ।

– ਮਿੱਤਰ ਰਾਸ਼ਾ / 20 ਮਾਰਚ 84
( OTTAWA, ONTARIO, CANADA ).

ਪਿਛਲੇ ਵਰ੍ਹੇ, ਜਦੋਂ ਗੁਰਸ਼ਰਨ ਸਿੰਘ ਨਾਟਕਕਾਰ ਦੇ ਡਰਾਮੇ ਹੈਮਿਲਟਨ, ਟੁਰਾਂਟੋ ਅਤੇ ਕਿਚਨਰ ਵਿੱਚ ਖੇਡੇ ਗਏ, ਉਦੋਂ "ਵਤਨੋਂ ਦੂਰ" ਦੀਆਂ ਕਾਪੀਆਂ ਵੰਡੀਆਂ ਗਈਆਂ। ਇੱਕ ਕਾਪੀ ਮੈਨੂੰ ਵੀ ਮਿਲੀ। ਪਰਚੇ ਦੀ ਚੜ੍ਹਤ, ਰੂਪ ਅਤੇ ਦਿਸ਼ਾ ਦੇਖ ਕੇ ਮਨ ਬਹੁਤ ਪ੍ਰਭਾਵਤ ਹੋਇਆ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਪਰਦੇਸਾਂ ਵਿੱਚੋਂ ਛਪਣ ਵਾਲੇ ਪਰਚਿਆਂ ਵਿੱਚ "ਵਤਨੋਂ ਦੂਰ" ਨੇ ਇੱਕ ਵਿਸ਼ੇਸ਼ ਥਾਂ ਬਣਾ ਲਈ ਹੈ। ਏਸ ਦੀ ਸਫ਼ਲਤਾ ਦਾ ਸਿਹਰਾ ਆਪ ਸਿਰ ਹੈ। ਏਸ ਉਦਮ ਉਪਰ ਆਪ ਨੂੰ ਬਹੁਤ ਬਹੁਤ ਵਧਾਈ। ਮੈਂ ਇੱਕ ਕਵਿਤਾ ਭੇਜ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਆਪ ਇਸ ਨੂੰ "ਵਤਨੋਂ ਦੂਰ" ਵਿੱਚ ਛਾਪਕੇ ਪਾਠਕਾਂ ਤੱਕ ਪਹੁੰਚਾਓਗੇ।

– ਨਾਜ਼ਰ ਸਿੰਘ 'ਦੀਪਕ' ਐੱਮ. ਏ. / 19 ਫ਼ਰਵਰੀ 84
(HAMILTON, ONTARIO, CANADA).

ਕਾਫ਼ੀ ਭਾਲ ਤੋਂ ਬਾਅਦ ਤੁਹਾਡਾ ਪਤਾ ਮਿਲਿਆ ਹੈ ਪ੍ਰੀਤਮ ਸਿੱਧੂ ਸਾਹਿਬ ਕੋਲੋਂ। ਫ਼ਖਰ ਜ਼ਮਾਨ ਸਾਹਿਬ ਇਥੇ ਆਏ ਸਨ ਉਨ੍ਹਾਂ ਤੁਹਾਡੇ ਪਰਚੇ ਦਾ ਜ਼ਿਕਰ ਕੀਤਾ ਤੇ ਕੁਝ ਹੋਰ ਇੱਥੇ ਰਹਿੰਦੇ ਪੰਜਾਬੀ ਪਰੇਮੀਆਂ ਨੇ ਵੀ ਪਰ ਪਤਾ ਕਿਸੇ ਕੋਲ ਨਹੀਂ ਸੀ। ਤੁਹਾਨੂੰ ਬੇਨਤੀ ਹੈ ਕਿ ਚੰਦੇ ਦਾ ਵੇਰਵਾ ਉਤੇ ਲਿਖੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰਨੀ ਤੇ CANADA ਜਾਂ U.S.A. 'ਚ ਛਪ ਰਹੇ ਪੰਜਾਬੀ ਦੇ ਪਰਚਿਆਂ ਦੇ ਪਤੇ ਘੱਲਣੇ।

– ਮਲਵਿੰਦਰ / 22 ਦਸੰਬਰ 83
(AUSTRIA, EUROPE)

ਇਨਕਲਾਬੀ ਸ਼ੁਭ ਇਛਾਵਾਂ ਨਾਲ ਪਹਿਲੀ ਵਾਰ ਵਤਨੋਂ ਦੂਰ ਦੀ ਪਾਠਕਾਂ ਦੀ ਸੱਥ 'ਚ ਆ ਰਿਹਾ ਹਾਂ। ਆਪਦਾ ਪੇਪਰ ਕਾਫ਼ੀ ਦੇਰ ਤੋਂ ਪੜ੍ਹਦਾ ਆ ਰਿਹਾ ਹਾਂ - ਕੈਨੇਡਾ ਵਿੱਚ ਹੀ ਨਹੀਂ ਸਗੋਂ ਇੰਡੀਆ ਵਿੱਚ ਵੀ ਕਦੇ ਕਦਾਈਂ ਗੁਆਂਢੀ ਦਰਸ਼ਨ ਚਾਹਿਲ ਕੋਲੋਂ ਵਤਨੋਂ ਦੂਰ ਪੜ੍ਹਨ ਲਈ ਮਿਲ ਜਾਂਦਾ ਸੀ। ਆਪ ਦਾ ਜਨਵਰੀ ਫਰਵਰੀ 84 ਅੰਕ ਵੀ ਅੱਜ ਪੜ੍ਹਿਆ - ਭਾਵੇਂ ਪੇਪਰ ਆਮ ਲੋਕਾਂ ਦੀ ਪੱਧਰ ਤੋਂ ਉੱਚਾ ਹੈ ਜਿਸ ਕਰਕੇ ਆਮ ਬੰਦੇ ਲਈ ਸਮਝਣਾ ਔਖਾ ਹੈ ਪਰ ਇਸ ਘਾਟ ਨੂੰ ਕਹਾਣੀਆਂ ਨੇ ਪੂਰਾ ਕੀਤਾ ਹੋਇਆ - ਤਕਰੀਬਨ ਹਰ ਇੱਕ ਦੀ ਸਮਝ ਆ ਜਾਂਦੀਆਂ ਨੇ। 'ਤਾਨੋਂ ਥਿੜਕਿਆ ਜਸਵੰਤ ਕੰਵਲ' ਲੇਖ (ਸਰਵਣ ਸਿੰਘ ਗਿੱਲ ਦਾ) ਪੜ੍ਹਿਆ ਜਿਸਨੇ ਠੋਸ ਦਲੀਲਾਂ ਨਾਲ ਜਸਵੰਤ ਕੰਵਲ ਦੇ ਅਸਲੀ ਚਿਹਰੇ ਨੂੰ ਨੰਗਿਆਂ ਕੀਤਾ, ਲੇਖ ਵਾਕਿਆ ਹੀ ਸਲਾਹੁਣਯੋਗ ਹੈ। ਆਪ ਦੇ ਪੇਪਰ ਦਾ ਤਾਂ ਸਟੈਂਡ ਪੜ੍ਹ ਚੁੱਕਾ ਹਾਂ।

ਬਾਕੀ ਵੈਨਕੂਵਰ ਤੋਂ ਨਿੱਕਲਦਾ ਪੇਪਰ 'ਵੰਗਾਰ' ਅੱਜਕਲ ਅਲੋਪ ਹੈ। ਸ਼ਾਇਦ ਇਹਨਾਂ ਨੇ ਗੁਰਸ਼ਰਨ ਸਿੰਘ ਨੂੰ ਕੈਨੇਡਾ ਬੁਲਾ ਕੇ ਲੋਕਾਂ 'ਚ ਉਸਦੇ ਨਾਟਕ ਦਖਾ ਕੇ ਆਪਣਾ ਧੰਧ ਨਿਬੇੜ ਲਿਆ ਲਗਦਾ ਹੈ ਕਿਉਂਕਿ ਗੁਰਸ਼ਰਨ ਦੇ ਵਾਪਸ ਜਾਣ ਤੋਂ ਬਾਅਦ 'ਵੰਗਾਰ' ਦੇਖਣ ਨੂੰ ਨਹੀਂ ਮਿਲਿਆ ਜਦ ਕਿ ਅੱਜ ਪੰਜਾਬ ਦੇ ਹਾਲਾਤ ਬਹੁਤ ਨਾਜ਼ਕ ਬਣ ਚੁੱਕੇ ਹਨ। ਪੇਪਰ ਨੂੰ ਹੋਰ ਸਰਗਰਮੀ ਨਾਲ ਨਿੱਕਲਣਾ ਚਾਹੀਦਾ ਸੀ, ਆਪਣਾ ਸਟੈਂਡ ਲੋਕਾਂ 'ਚ ਰੱਖਣਾ ਜ਼ਰੂਰੀ ਬਣਦਾ ਸੀ ਪਰ ਵੰਗਾਰ ਦੀ ਲੰਮੀ ਧਾਰੀ ਚੁੱਪ ਤੋਂ ਲਗਦਾ ਹੈ ਕਿ ਪੇਪਰ ਕੋਲ ਕਹਿਣ ਲਈ ਕੁਝ ਰਿਹਾ ਨਹੀਂ। ਜਾਂ ਫਿਰ ਜਸਵੰਤ ਕੰਵਲ ਦੇ ਨਵੇਂ ਪੈਂਤੜੇ ਤੇ ਗੌਰ ਕਰ ਰਿਹਾ ਹੈ।... ... ... ... ...
ਉਮੀਦ ਹੈ ਮੇਰੀ ਆਵਾਜ਼ 'ਵੰਗਾਰ' ਤੱਕ ਜ਼ਰੂਰ ਪਹੁੰਚਾ ਦੇਵੋਗੇ। ... ... ...

— ਕਰਮ ਗਿੱਲ / 18 ਮਾਰਚ 84
(TORONTO, ONTARIO, CANADA).

... ਇੱਕ ਕਵਿਤਾ ਹੋਰ ਭੇਜ ਰਿਹਾ ਹਾਂ। ਇਸ ਵਿੱਚ ਮੈਂ ਆਪਣੀ ਸੋਚ ਮੁਤਾਬਕ ਅੱਤਵਾਦ ਦੇ ਅੰਨ੍ਹੇ ਜਨੂੰਨ ਬਾਰੇ ਕੁਝ ਕਹਿਣ ਦਾ ਯਤਨ ਕੀਤੈ ਜਿਨ੍ਹਾਂ ਦੀਆਂ ਵਿਹੁ-ਨਹੁੰਦਰਾਂ ਨੇ ਸਾਡਾ ਇੱਕ ਹੋਰ ਸਾਥੀ ਸੁਮੀਤ ਐਡੀਟਰ ਪ੍ਰੀਤ ਲੜੀ ਵਲੂੰਧਰ ਦਿੱਤਾ ਹੈ। ਅੱਜ ਇੰਨ੍ਹਾਂ ਦੀ ਘਿਨਾਉਣੀ ਹਰਕਤ ਨੇ ਸਾਫ਼ ਕਰ ਦਿੱਤਾ ਕਿ ਕਿਸ ਤਰ੍ਹਾਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਇਹ ਆਪਣੇ ਉਲੀਕੇ ਪਰੋਗਰਾਮ (ਹਿੰਦੂ-ਸਿੱਖ-ਲੜਾਈ) 'ਤੇ ਚੱਲ ਪਏ ਹਨ। ਸੋ ਸਾਨੂੰ ਇਸ ਗੱਲ ਨੂੰ ਲੋਕਾਂ ਵਿੱਚ ਬਹੁਤ ਉਗੜੇ ਹੋ ਕੇ ਨੰਗਿਆਂ ਕਰਨਾ ਪਏਗਾ ਕਿ ਇਹ ਜਨੂੰਨੀ ਲੜਾਈ ਪਾਂਦਾ ਕੌਣ ਹੈ, ਇਸਦਾ ਫ਼ਾਇਦਾ ਕਿਸਨੂੰ ਹੈ ਅਤੇ ਇਸ ਲੜਾਈ ਵਿੱਚ ਕਿਸਦਾ ਕੀ ਬਰਬਾਦ ਹੁੰਦਾ ਹੈ! ਉਂਞ ਸੁਮੀਤ ਦੇ ਬਾਬਤ ਮੈਂ ਇੰਨ੍ਹਾਂ ਨੂੰ ਕਹਾਂਗਾ ਕਿ ਗੁਰਬਖਸ਼ ਸਿੰਘ ਦਾ ਲਿਖਿਆ "ਗੁਰੂ ਗੋਬਿੰਦ ਸਿੰਘ - ਇੱਕ ਪਰਮ ਮਨੁੱਖ" ਅੱਜ ਸੁਮੀਤ ਦੀਆਂ ਲਿਖੀਆਂ ਕਾਫ਼ੀ ਸਤਰਾਂ ਤੋਂ ਵੀ ਵਧੇਰੇ ਇੰਨ੍ਹਾਂ ਨੂੰ ਰੜਕਦਾ ਸੀ ਕਿਉਂਕਿ ਉਸ ਵਿੱਚ ਗੁਰੂ ਗੋਬਿੰਦ ਸਿੰਘ ਦੇ ਵਾਰਸ ਵੱਡੇ ਵੱਡੇ ਪੱਗੜਾਂ ਵਾਲੇ ਜਾਂ ਲੰਮੇ ਵਾਲਾਂ ਵਾਲੇ ਨਹੀਂ - ਉਸ ਵਿੱਚ ਗੁਰੂ ਗੋਬਿੰਦ ਸਿੰਘ ਜੁਝਾਰੂ ਲੋਕਾਂ ਦਾ ਹਾਮੀ ਬਣਦਾ ਸੀ ਜੋ ਪਹਿਲਾਂ ਵੀ ਲੋਕਾਂ ਲਈ ਲੜੇ, ਹੁਣ ਵੀ ਲੋਕਾਂ ਲਈ ਲੜਦੇ ਹਨ, ਅਤੇ ਅੱਗੋਂ ਇਸੇ ਹੀ ਪ੍ਰੋਲਤਾਰੀ ਵਰਗ ਲਈ ਲੜਦੇ ਰਹਿਣਗੇ।

— ਹਰਦੇਵ ਵਿਰਕ / 26 ਮਾਰਚ 84
(EDMONTON, ALBERTA, CANADA).

ਆਪਣੀ ਪੜ੍ਹਾਈ ਵਿੱਚ ਰੁੱਝਿਆ ਹੋਣ ਕਰਕੇ ਤੈਨੂੰ ਕਾਫ਼ੀ ਦੇਰ ਤੋਂ ਖ਼ਤ ਨਹੀਂ ਲਿਖ ਸਕਿਆ. ਪੰਜਾਬ ਦੇ ਵਿਗੜ ਰਹੇ ਹਾਲਾਤ ਬਾਰੇ ਤੈਨੂੰ ਲਿਖਣਾ ਚਾਹੁੰਦਾ ਸਾਂ.

ਪੰਜਾਬ ਵਿੱਚ ਹੋ ਰਹੇ ਲੇਖਕਾਂ, ਕਲਾਕਾਰਾਂ, ਸੰਪਾਦਕਾਂ ਦੇ ਕਤਲ ਬਿਲਕੁਲ ਉਸੇ ਲਾਈਨ ਉੱਤੇ ਹਨ ਜਿਵੇਂ ਕਿ C.I.A. ਸਪਾਂਸਰਡ ਡੈੱਥ ਸੁਕੈਅਡ ਏਲਸੇਲਵਾਡੋਰ, ਚਿੱਲੀ, ਫਿਲੀਪਾਈਨ, ਲਿਬਨਾਨ, ਅਰਜਨਟਾਈਨਾ ਆਦਿ ਦੇਸ਼ਾਂ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਨੂੰ ਖਤਮ ਕਰਨ ਲਈ ਵਰਤੇ ਜਾ ਰਹੇ ਹਨ. ਪੰਜਾਬ ਦੇ ਫਿਰਕੂ ਜਨੂੰਨੀਆਂ ਵੱਲੋਂ ਸੁਮੀਤ ਸਿੰਘ, ਡਾ: ਵੀ. ਐੱਨ. ਤਿਵਾੜੀ ਅਤੇ ਚਿੰਗਾਰੀ ਦੇ ਸੰਪਾਦਕ ਦਾ ਕਤਲ ਕੀਤਾ ਜਾਣਾ ਇਸ ਗੱਲ ਬਾਰੇ ਕੋਈ ਸ਼ੱਕ ਨਹੀਂ ਰਹਿਣ ਦਿੰਦਾ ਕਿ ਪੰਜਾਬ ਵਿੱਚ ਫਿਰਕੂ ਜਨੂੰਨੀਆਂ ਵੱਲੋਂ ਲਗਾਏ ਜਾ ਰਹੇ ਧਰਮ ਮੋਰਚੇ ਕਿੰਨੇ ਕੁ ਲੋਕ-ਹਿਤੂ ਅਤੇ ਪੰਜਾਬ-ਹਿਤੂ ਹਨ. ਸਿੱਖਾਂ ਵਿਚਲੇ ਇੰਨ੍ਹਾਂ ਕੁਝ ਕੁ ਫਿਰਕੂ-ਅੰਸ਼ਾਂ (ਜਿਨ੍ਹਾਂ ਵਿੱਚ ਅੱਜ ਦੇ ਅਕਾਲੀ ਵੀ ਸ਼ਾਮਲ ਹਨ) ਵੱਲੋਂ ਇਹ ਕਹਿਣਾ ਕਿ ਉਨ੍ਹਾਂ ਬਿਨਾਂ ਕਿਸੇ ਹੋਰ ਫਿਰਕੇ ਦੇ ਲੋਕਾਂ ਨੂੰ ਪੰਜਾਬ, ਪੰਜਾਬੀ ਜ਼ੁਬਾਨ ਅਤੇ ਪੰਜਾਬੀ ਸੱਭਿਆਚਾਰ ਨਾਲ ਕੋਈ ਲਗਾਉ ਨਹੀਂ ਹੈ; ਪੰਜਾਬੀ ਜ਼ੁਬਾਨ, ਪੰਜਾਬੀ ਸੱਭਿਆਚਾਰ ਅਤੇ ਪੰਜਾਬ ਦੇ ਸਦੀਆਂ ਦੇ ਇਤਿਹਾਸ ਵੱਲੋਂ ਅੱਖਾਂ ਮੀਟ ਲੈਣਾ ਹੈ. ਇਹ ਲੋਕ ਧਨੀ ਰਾਮ ਚਾਤ੍ਰਿਕ, ਫ਼ਰੋਜ਼ ਦੀਨ ਸ਼ਰਫ਼, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਿਵ ਕੁਮਾਰ, ਬਲਵੰਤ ਗਾਰਗੀ, ਨੂਰ ਜਹਾਂ, ਰੇਸ਼ਮਾਂ, ਮੁਲਕ ਰਾਜ ਆਨੰਦ, ਕ੍ਰਿਸ਼ਨ ਖੰਨਾ, ਬਲਰਾਜ ਸਾਹਣੀ, ਫ਼ਖਰ ਜ਼ਮਾਂ, ਅਫ਼ਜ਼ਲ ਅਹਿਸਨ ਰੰਧਾਵਾ ਅਤੇ ਅਜਿਹੇ ਹੋਰ ਅਨੇਕਾਂ ਪੰਜਾਬੀਆਂ ਦੀ ਵਡਮੁੱਲੀ ਦੇਣ ਨੂੰ ਕਿਵੇਂ ਨਜ਼ਰ ਅੰਦਾਜ਼ ਕਰ ਸਕਦੇ ਹਨ?

ਧਰਮ ਜਾਂ ਫਿਰਕੇ ਦੇ ਨਾਮ ਉੱਤੇ ਕੀਤੇ ਜਾਂਦੇ ਵਹਿਸ਼ੀਆਨਾ ਜ਼ੁਲਮ ਮਨੁੱਖੀ ਇਤਿਹਾਸ ਦੇ ਮੱਥੇ ਉੱਤੇ ਕਲੰਕ ਬਣੇ ਰਹਿਣਗੇ ਅਤੇ ਅਜਿਹੇ ਮਨੁੱਖਤਾ ਵਿਰੋਧੀ ਕੁਕਰਮਾਂ ਦੀ ਪਿੱਠ ਠੋਕਣ ਵਾਲੇ ਲੋਕ-ਵਿਰੋਧੀ ਨੇਤਾ, ਲੇਖਕ ਅਤੇ ਪੱਤਰਕਾਰ—ਤੰਗਦਿਲ, ਮੌਕਾ-ਪ੍ਰਸਤ ਅਤੇ ਮਨੁੱਖੀ ਕਦਰਾਂ ਕੀਮਤਾਂ ਤੋਂ ਗਿਰੇ ਹੋਏ ਇਨਸਾਨ, ਜੋ ਇੱਕ ਪਾਸੇ ਤਾਂ ਮਨੁੱਖਤਾ ਦੇ ਮੁਖੌਟੇ ਪਹਿਨਦੇ ਹਨ ਅਤੇ ਦੂਜੇ ਪਾਸੇ ਅਜਿਹੇ ਵਹਿਸ਼ੀਆਨਾ ਜ਼ੁਲਮੋ-ਸਿਤਮ ਦੇ ਖਿਲਾਫ਼ ਇੱਕ ਵੀ ਸ਼ਬਦ ਕਹਿਣ ਤੋਂ ਕਤਰਾਂਦੇ ਹਨ ਅਜਿਹੇ ਲੋਕਾਂ ਵੱਲੋਂ ਆਪਣੇ ਲਈ ਲੇਖਕ ਜਾਂ ਕਲਾਕਾਰ ਸ਼ਬਦ ਦੀ ਵਰਤੋਂ ਕਰਨ ਲੇਖਕ ਜਾਂ ਕਲਾਕਾਰ ਜਿਹੇ ਪਵਿੱਤਰ ਸ਼ਬਦਾਂ ਦੀ ਤੌਹੀਨ ਕਰਨਾ ਹੈ।

— ਸੁਖਿੰਦਰ / 15 ਅਪਰੈਲ 84
(TORONTO, ONTARIO, CANADA).

•

# HIMALAYA RESTAURANT LTD.

6595 Main Street
Phone: 324-6514

2313 Main Street, (LICENSED PREMISES)
Phone: 876-2911

VANCOUVER, B.C.



KEWAL SINGH PABLA

# PABLA'S VIKING INN

**828 East Hastings**

**Call 324 - 6514**



JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੁਕਾਨ

---

**FOR ALL YOUR REAL ESTATE NEEDS**
**Residential - Commercial - Investments**
**CONTACT: AMRIK SULL**
**PH. BUS: 585-2211**
**PH. RES: 581-6692**
**PAGER: 3748-687-7711**

ਹਰ ਪਰਕਾਰ ਦੀ ਜਾਇਦਾਦ
ਖਰੀਦਣ ਜਾਂ ਵੇਚਣ ਲਈ
ਅਮਰੀਕ ਸੱਲ
ਨੂੰ ਮਿਲੋ !



AMRIK SULL

Century 21®

**10667 - 135 ST., SURREY, B.C.**

---

# KESRI

**SWEETS & RESTAURANT LTD.**

*Retailer & Wholesaler*

*We Cater for*
*Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# ਬੰਬੇ ਸਵੀਟਸ ਮੈਨੂਫੈਕਚਰਰ

## FOR LARGEST VARIETY IN INDIAN SWEETS

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇਂ - ਜਿਵੇਂ ਕਿ,

*OUR TEMPTATIONS,*

Largest Variety in Indian Sweets

Burfi - Laddo - Rasgulas - Gulab Jamuns - Masu - Pinnis

**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

ਬੰਬੇ ਸਵੀਟਸ ਵੱਲੋਂ
ਵਿਸਾਖੀ ਦੇ ਸ਼ੁਭ ਅਵਸਰ
ਤੇ ਬਹੁਤ ਬਹੁਤ
ਵਧਾਈ

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ...

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

**ਸ਼ੁਕਲਾ ਬ੍ਰਾਦਰਜ਼**



Manager: SHUKLA

**6556 - 60 Main Street**
**(at 49th Ave.)**
**Vancouver, B.C. V5X 3H1**
**Tel: (604) 321-1414**
**874-5722**

**WE ARE OPEN EVERY DAY 9 A.M. TO 9:30 P.M.**

# BOMBAY SWEETS MFG. INCORPORATED ®

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO:


# ਫਰੰਟੀਅਰ ਕਲਾਥ ਹਾਊਸ




## NEW DESIGNS
## & NEW FASHIONS
# SAREES

**We have the largest variety in Punjabi suits both in designs & Quality**

# FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515